# ਅੰਦਰ ਦਾ ਸਫ਼ਰ

ਦਾਦਰ ਪੰਡੋਰਵੀ





ਆਪਣੀਆਂ ਗ਼ਜ਼ਲਾਂ ਦੀ ਪੁਸਤਕ ਤੂੰ ਛਪਵਾ ਲੈ ਜਲਦੀ ਨਾਲ,
ਬੱਚਿਆਂ ਨੇ ਚੱਲਣ ਨਹੀਂ ਦੇਣੀ, ਇਹ ਤੇਰੀ ਮਨਮਾਨੀ ਫੇਰ।

ਦਾਦਰ ਪੰਡੋਰਵੀ

# ਅੰਦਰ ਦਾ ਸਫ਼ਰ

(ਗ਼ਜ਼ਲ-ਸੰਗ੍ਰਹਿ)

## ਦਾਦਰ ਪੰਡੋਰਵੀ

*ਬਹੁਤ ਸੌਖਾ ਹੈ ਸਹਿਰਾ ਦਾ, ਸਮੁੰਦਰ ਦਾ ਸਫ਼ਰ ਮੈਨੂੰ।*
*ਮਗਰ ਔਖਾ ਬੜਾ ਲਗਦਾ ਹੈ, ਅੰਦਰ ਦਾ ਸਫ਼ਰ ਮੈਨੂੰ।*

ANDAR DA SAFAR (PANJABI GHAZALAS)
POET: DADAR PANDORVI
V.& P.O. DHAK PANDORI, PHAGWARA
DISTT: KAPURTHALA.
Phone: 1824-250240
M. 98722 01650

# ਅੰਦਰ ਦਾ ਸਫ਼ਰ

(ਗ਼ਜ਼ਲ-ਸੰਗ੍ਰਹਿ)

ਸ਼ਾਇਰ

## ਦਾਦਰ ਪੰਡੋਰਵੀ

ਪਹਿਲੀ ਵਾਰ-2004
(ਪੰਜ ਸੌ)

ਕੀਮਤ- 60 ਰੁਪਏ

ਅਰਸ਼ਦੀਪ ਪ੍ਰਕਾਸ਼ਨ
421- ਦਕੋਹਾ, ਜਲੰਧਰ-144023



## ਸਮਰਪਨ



**ਸ. ਜਗਦੀਸ਼ ਸਿੰਘ ਜੀ**

ਮਾਲਿਕ

ਗੁਰੂ ਨਾਨਕ ਆਟੋ ਇੰਟਰਪ੍ਰਾਈਜ਼ਜ਼ (ਲਿਮ.)

ਜੀ ਦੀ ਪਾਰਖੂ ਨਜ਼ਰ ਨੂੰ ਸਮਰਪਿਤ

•

Efforts combined with knowledge and tenacity is the springboard of accomplishment. In today's marketplace, the key to success is quality; you need to show that your products and services meet your customers' requirement and expectations.

Operating in a competitive environment, GNA Enterprises is an auto component manufacturing plant, founded in 1946 by legendaryLate Sardar Amar Singh today spread on an area of 80,000 square meters with 30,000 square meters of covered space in Bundala, Jalandhar. Expanding continuously ever since under the stewardship of Mr. Jagdish Singh, Managing Director, today GNA Enterprises has reached up to level of largest integrated plant of its kind in the sub-continent with committed and dexterous employment strength of 600.

The global quality standards of the company are attested by Underwriters Laboratories Inc.® (UL), Melville, NY, USA, which certified the facility for TS 16949:2002 and ISO 9001:2000.

At GNA Enterprises, we are dedicated to enhance productivity and quality.. We are sticklers for staying on top of the quality ladder on every step of the way with aim to be the true Global Operating Company. We measure our growth by how well we align ourselves to the needs of our customers, to achieve the highest level of satisfaction.

We are manufacturing over 1 million components in a year that includes Rear Axle Shafts, Brake S Cam Shafts, Steel Forgings, Torsion Bars, CV Shafts, Clutch Shafts, Wheel Bearing Spindles, Bimetal Bushes, Thrust Washers and Bimetal Strips etc for LCV/MCV/HCV/SUV/MPV/Passenger Cars and Jeeps. Our esteemed customers in



clude Tata Motors, Maruti Suzuki, Eicher Motors, Swaraj Mazda, Spicer India, Automotive Axles, Toyota Kirloskar in India & Arvin Meritor-Italy, Dana Corporation-USA, Ford and Iveco -Turkey

The commitment, dedication and hard work of our employees are the basis of company's success in the highly competitive automobile industry. GNA continually strives to develop a work culture that encourages continuous improvement in teamwork, safety, quality and enhanced productivity by using the knowledge and skills of all our employees.



(Front view of Heat Treatment Shop, G.N.A.E. Bundala)

GURU NANAK AUTO ENTERPRISES LTD.
Bundala-144034, jallandhar (Pb.) INDIA.
Phone: 01826-270111 (6 lines) Fax: 01826- 270003.
Regd. Office: G.T.Road Goraya-144409 (Pb.) INDIA.

•••

# ਮੇਰੀਆਂ ਆਸਾਂ ਦਾ ਚਿਰਾਗ਼-ਦਾਦਰ ਪੰਡੋਰਵੀ

## ਅਮਰਜੀਤ ਸਿੰਘ 'ਸੰਧੂ'

ਭਾਵੇਂ ਮੈ ਡਾ: ਸਾਧੂ ਸਿੰਘ 'ਹਮਦਰਦ' ਦਾ ਕੁਝ ਨੁਕਤਿਆਂ 'ਤੇ ਵਿਰੋਧੀ ਵੀ ਰਿਹਾ ਹਾਂ ਅਤੇ ਕਈ ਵਾਰ ਇਸੇ ਕਰਕੇ ਅਸੀਂ ਆਹਮਣੇ-ਸਾਹਮਣੇ ਵੀ ਹੁੰਦੇ ਰਹੇ ਹਾਂ ਪਰ ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵੀਹਵੀਂ ਸਦੀ ਦੇ ਸੱਤਰਵਿਆਂ ਵਿਚ ਜੇ ਸਾਧੂ ਸਿੰਘ ਹਮਦਰਦ ਕੁਝ ਆਪਣੇ ਹੋਰ ਸਮਕਾਲੀਆਂ ਦਾ ਮੋਹਰੀ ਬਣ ਕੇ ਗ਼ਜ਼ਲ ਦੇ ਹੱਕ ਵਿਚ ਛਾਤੀ ਤਾਣਕੇ ਨਾ ਆ ਖਲੋਂਦਾ ਤਾਂ ਪੰਜਾਬੀ ਗ਼ਜ਼ਲ ਅਕਵਿਤਾ ਦੇ ਤੂਫ਼ਾਨੇ-ਬਦਤਮੀਜ਼ੀ ਦੇ ਹੜ੍ਹ ਵਿਚ ਉਦੋਂ ਹੀ ਹੜ੍ਹ ਜਾਣੀ ਸੀ। ਇਹ ਗ਼ਜ਼ਲ ਦੀ ਖ਼ੁਸ਼-ਕਿਸਮਤੀ ਹੀ ਸਮਝੋ ਕਿ ਹਮਦਰਦ ਨਾਲ ਅਸੂਲੀ ਮਤ-ਭੇਦ ਰੱਖਣ ਵਾਲੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ, ਡਾ: ਠਾਕੁਰ ਭਾਰਤੀ, ਪ੍ਰਿੰ: ਤਖ਼ਤ ਸਿੰਘ ਅਤੇ ਹੋਰ ਕਈ ਗ਼ਜ਼ਲਕਾਰ ਚਾਹੇ ਹਮਦਰਦ ਤੋਂ ਥੋੜ੍ਹੀ ਦੂਰ ਰਹਿਕੇ ਹੀ ਸਹੀ ਪਰ ਇਸ ਮੁਹਾਜ਼ 'ਤੇ ਉਸ ਦੀ ਮਦਦ ਨੂੰ ਤਤਪਰ ਰਹਿੰਦੇ ਰਹੇ ਅਤੇ ਗ਼ਜ਼ਲ 'ਤੇ ਹੋਣ ਵਾਲੇ ਹਰ ਹਮਲੇ ਨੂੰ ਉਹਨਾਂ ਨੇ ਆਪਣੇ 'ਤੇ ਹਮਲਾ ਕਰਾਰ ਦਿੱਤਾ। ਇਸ ਸਮੇਂ ਮੈਂ ਅਤੇ ਜਨਾਬ ਉਲਫ਼ਤ ਬਾਜਵਾ ਵੀ ਹਮਦਰਦ ਸਾਹਿਬ ਦੇ ਸੱਜੇ-ਖੱਬੇ ਹੱਥ ਬਣ ਕੇ ਰਹੇ।

ਜਿੱਥੇ ਡਾ: ਹਮਦਰਦ ਨੇ ਗ਼ਜ਼ਲ ਦੇ ਹੱਕ ਵਿਚ 'ਰੋਜ਼ਾਨਾ ਅਜੀਤ' ਰਾਹੀਂ ਜਹਾਦ ਜਾਰੀ ਰੱਖਿਆ ਉੱਥੇ ਦੀਪਕ ਸਾਹਿਬ ਨੇ ਨਵੇਂ ਸਿਖਿਆਰਥੀਆਂ ਨੂੰ 'ਅਰੂਜ਼' ਸਬੰਧੀ ਗਿਆਨ ਦੇ ਕੇ ਪੁਖ਼ਤਾ ਗ਼ਜ਼ਲਕਾਰਾਂ ਦਾ ਇੱਕ ਵੱਡਾ ਕਾਫ਼ਿਲਾ ਤਿਆਰ ਕਰ ਲਿਆ। ਦੀਪਕ ਸਾਹਿਬ ਦੇ ਇਹਨਾਂ ਸ਼ਾਗਿਰਦਾਂ ਦੀ ਗਿਣਤੀ ਕਈ ਸੈਂਕੜਿਆਂ ਤੱਕ ਪਹੁੰਚਦੀ ਹੈ। ਅੱਗੋਂ ਦੀਪਕ ਸਾਹਿਬ ਦੇ ਕਈ ਸ਼ਾਗਿਰਦਾਂ ਨੇ ਵੀ ਉਸਤਾਦ ਜੀ ਦੀ ਪਾਈ ਪਰੰਪਰਾ ਨੂੰ ਜਾਰੀ ਰੱਖਦਿਆਂ ਹੋਇਆਂ ਨਵੇਂ ਗ਼ਜ਼ਲ-ਚਿਰਾਗ਼ ਜਗਾਉਣੇ ਜਾਰੀ ਰੱਖੇ। ਇਉਂ ਇਕ ਗ਼ਜ਼ਲ-ਲਹਿਰ ਚੱਲ ਪਈ, ਜਿਸ ਦੇ ਸਾਹਮਣੇ ਅਕਵਿਤਾ ਨਿੰਮੋਝੂਣੀ ਹੋਈ ਆਪਣੇ ਅੰਤ ਦੇ ਇੰਤਜ਼ਾਰ ਵਿਚ ਹੈ। ਪੰਜਾਬੀ ਦੇ ਆਮ ਪਾਠਕਾਂ ਵਿਚ ਇਸ ਅਕਵਿਤਾ ਦਾ ਕੋਈ ਆਧਾਰ ਨਹੀਂ। ਇਹ ਗੱਲ ਇਸ ਅਕਵਿਤਾ ਦੇ ਸਿਰਜਕ ਵੀ ਸਮਝਦੇ ਹਨ। ਇਸੇ ਕਰਕੇ ਹੀ ਜਦ ਸਰੋਤਿਆਂ ਦੇ ਸਾਹਮਣੇ ਹੋ ਕੇ ਕੁਝ ਪੇਸ਼ ਕਰਨਾ ਪੈਂਦਾ ਹੈ ਤਾਂ ਉਹ ਵੀ ਟੁੱਟੀ-ਫੁੱਟੀ ਗ਼ਜ਼ਲ ਦਾ ਹੀ ਸਹਾਰਾ ਲੈਂਦੇ ਹਨ।

ਉਸਤਾਦ ਜਨਾਬ ਦੀਪਕ ਸਾਹਿਬ ਤੋਂ ਲੋਅ ਲੈ ਕੇ ਜਗੇ 'ਦੀਪਾਂ' ਵਿੱਚੋਂ, ਜਿਹਨਾਂ ਨੇ ਹੋਰ ਗ਼ਜ਼ਲ-ਚਿਰਾਗ਼ ਜਲਾਏ ਉਹਨਾਂ ਵਿੱਚੋਂ ਜਨਾਬ ਦੇਸ ਰਾਜ 'ਜੀਤ', ਬਲਬੀਰ ਸੈਣੀ, ਜਗਸੀਰ ਵਿਯੋਗੀ, ਕਿਰਪਾਲ ਸਿੰਘ ਪ੍ਰੇਸ਼ਾਨ, ਹਰਨੇਕ ਸਿੰਘ ਮੁਸਾਫ਼ਿਰ ਆਦਿ ਪੇਸ਼ ਪੇਸ਼ ਹਨ। ਇਸ ਤੋਂ ਇਲਾਵਾ ਗੁਰਦਿਆਲ ਰੌਸ਼ਨ ਅਤੇ ਦਾਸ (ਅਮਰਜੀਤ ਸਿੰਘ ਸੰਧੂ) ਤਾਂ ਬਾਕਾਇਦਾ "ਗ਼ਜ਼ਲ ਸਕੂਲ" ਚਲਾ ਰਹੇ ਹਨ ਅਤੇ ਉਹਨਾਂ ਪਾਸੋਂ ਦਰਜਣਾਂ ਸ਼ਾਗਿਰਦ ਗ਼ਜ਼ਲ-ਵਿਧਾ ਵਿਚ ਨਿਪੁੰਨ ਹੋ ਕੇ ਨਿਕਲੇ ਹਨ। ਇਉਂ ਗ਼ਜ਼ਲ ਖੇਤਰ ਵਿਚ ਕਾਫ਼ੀ ਸਾਰੇ ਅਣ-ਸਿੱਖੇ ਅਖਾਉਤੀ ਗ਼ਜ਼ਲਗੋਆਂ ਦੇ ਪਰਦੂਸ਼ਨ ਦੇ ਬਾਵਜੂਦ ਕਾਵਿ-ਸਾਹਿਤ ਵਿਚ ਗ਼ਜ਼ਲ ਦੀ 'ਬੱਲੇ ਬੱਲੇ' ਹੋਈ ਪਈ ਹੈ।

ਮੇਰੇ ਹੋਣਹਾਰ ਸ਼ਾਗਿਰਦਾਂ ਵਿੱਚੋਂ ਭਾਵੇਂ ਬਹੁਤ ਸਾਰੇ, ਬਹੁਤ ਪੁਖ਼ਤਾ ਗ਼ਜ਼ਲ ਕਹਿ ਰਹੇ ਹਨ ਪਰ ਜਿਹਨਾਂ ਦੀ ਇਸ ਖੇਤਰ ਵਿਚ ਖ਼ਾਸ ਪ੍ਰਾਪਤੀ ਹੈ ਉਹਨਾਂ ਵਿੱਚੋਂ 'ਦਾਦਰ ਪੰਡੋਰਵੀ' ਦਾ ਨਾਮ ਵਿਸ਼ੇਸ਼ ਜ਼ਿਕਰਯੋਗ ਹੈ। 15-9-1971 ਨੂੰ ਫਗਵਾੜੇ ਦੇ ਨੇੜੇ ਦੇ ਪਿੰਡ 'ਢੱਕ ਪੰਡੋਰੀ ' ਵਿਚ ਪੈਦਾ ਹੋਏ ਰਾਜ ਕੁਮਾਰ ਉਰਫ਼ "ਦਾਦਰ ਪੰਡੋਰਵੀ" ਨੂੰ ਕਲਮ ਵਿਰਸੇ ਵਿਚ ਨਹੀਂ ਮਿਲੀ। ਪਰ ਪ੍ਰਮਾਤਮਾ ਵੱਲੋਂ ਮਿਲੀ ਪ੍ਰਤਿਭਾ ਕਿਵੇਂ ਛੁਪੀ ਰਹਿ ਸਕਦੀ ਹੈ? ਸੰਗਾਊ ਜਿਹੇ ਸੁਭਾਅ ਅਤੇ ਮਾਪਿਆਂ ਦੇ ਪੂਰੇ ਆਗਿਆਕਾਰੀ ਪੁੱਤਰ ਰਾਜ ਕੁਮਾਰ ਨੇ ਆਪਣੀ ਲੇਖਣੀ ਦੇ ਉਹ ਚਮਤਕਾਰ ਕਰ ਵਿਖਾਏ ਜਿਸ 'ਤੇ ਉਸ ਦੇ ਮਾਪੇ ਹੀ ਨਹੀਂ ਸਗੋਂ ਮਾਂ-ਬੋਲੀ ਪੰਜਾਬੀ ਵੀ ਮਾਣ ਕਰ ਸਕਦੀ ਹੈ।

ਅੱਜ-ਕੱਲ੍ਹ ਗੁਰੂ ਨਾਨਕ ਆਟੋ ਇੰਟਰਪ੍ਰਾਈਜਜ਼ ਲਿਮਿਟਡ, ਬੁੰਡਾਲਾ (ਜਲੰਧਰ) ਵਿਚ ਮਕੈਨੀਕਲ ਇੰਨਜੀਨੀਅਰ (ਪ੍ਰੋਡਕਸ਼ਨ) ਦੇ ਤੌਰ 'ਤੇ ਈਮਾਨਦਾਰੀ ਅਤੇ ਸਿਰੜ ਨਾਲ ਸੇਵਾ ਨਿਭਾ ਰਹੇ



'ਦਾਦਰ' ਨੇ ਕਾਲਜ ਸਮੇਂ ਜਦੋਂ 1994 ਵਿਚ ਲਿਖਣਾ ਸ਼ੁਰੂ ਕੀਤਾ ਤਾਂ ਪਹਿਲੀਆਂ ਕੁਝ ਰਚਨਾਵਾਂ ਉਸ ਨੇ ਪ੍ਰੋ: ਅਜੀਤ ਸਿੰਘ ਹਿਰਖ਼ੀ ਨੂੰ ਵਿਖਾਈਆਂ। ਉਹਨਾਂ ਦੀ ਹੌਸਲਾ-ਅਫ਼ਜ਼ਾਈ ਨੇ ਉਸ ਨੂੰ ਉਤਸ਼ਾਹਤ ਤਾਂ ਕੀਤਾ ਪਰ ਉਦੋਂ ਹੀ ਹਿਰਖ਼ੀ ਹੁਰੀਂ ਪਰਦੇਸ ਤੁਰ ਗਏ। ਫਿਰ ਦਾਦਰ ਨੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਮੁਹਿੰਦਰ ਸਾਥੀ ਤੋਂ ਅਗਵਾਈ ਲੈਣੀ ਸ਼ੁਰੂ ਕੀਤੀ ਪਰ ਛੇਤੀ ਹੀ ਅਸੰਤੁਸ਼ਟੀ ਉਸ ਨੂੰ ਮੇਰੇ ਕੋਲ ਲੈ ਆਈ। ਆਖਿਰ ਉਸ ਦੀ ਸਿੱਖਣ-ਸ਼ਕਤੀ ਅਤੇ ਮਿਹਨਤ ਰੰਗ ਲਿਆਈ ਤੇ ਹੁਣ ਉਹ ਆਪਣਾ ਹੀ ਨਹੀਂ ਸਗੋਂ ਮੇਰਾ ਅਤੇ 'ਸੰਧੂ ਗ਼ਜ਼ਲ ਸਕੂਲ' ਦਾ ਨਾਮ ਵੀ ਰੌਸ਼ਨ ਕਰ ਰਿਹਾ ਹੈ। ਅਜਿਹੇ ਹੋਣਹਾਰ ਸ਼ਾਗਿਰਦਾਂ ਤੇ ਕਿਸ ਨੂੰ ਮਾਣ ਨਾ ਹੋ ਜਾਵੇਗਾ?

ਦਾਦਰ ਕੇਵਲ ਲਿਖਣ ਵਾਸਤੇ ਹੀ ਲਿਖ ਰਿਹਾ ਹੋਵੇ ਐਸਾ ਬਿਲਕੁਲ ਹੀ ਨਹੀਂ ਹੈ। ਉਹ ਆਪਣੀ ਕਲਮ ਨੂੰ ਉਦੋਂ ਹੀ ਹਰਕਤ ਵਿਚ ਲਿਆਉਂਦਾ ਹੈ ਜਦੋਂ ਉਸ ਦੇ ਮਨ ਵਿਚ ਵਿਚਾਰਾਂ ਅਤੇ ਜਜ਼ਬਿਆਂ ਦਾ ਹੜ੍ਹ ਆਇਆ ਪਿਆ ਹੋਵੇ। ਫਿਰ ਉਸ ਹੜ੍ਹ ਨੂੰ ਦਾਦਰ ਕਾਵਿ-ਸ਼ਿਲਪ ਦੇ ਚੈਨਲ ਵਿਚ ਇਸ ਤਰ੍ਹਾਂ ਕੰਟਰੋਲ ਕਰਕੇ ਚਲਾਉਂਦਾ ਹੈ ਕਿ ਉਸ ਵਿਚ ਜਿੱਥੇ ਕਮਾਲ ਦੀ ਰਵਾਨੀ ਅਤੇ ਬੇਥਾਹ ਗਹਿਰਾਈ ਦ੍ਰਿਸ਼ਟੀਗੋਚਰ ਹੁੰਦੀ ਹੈ ਉੱਥੇ ਜਜ਼ਬਿਆਂ ਦੀਆਂ ਛੱਲਾਂ ਦੀ ਬੁਲੰਦੀ ਵੀ ਵੇਖਣ ਮਾਨਣ ਨਾਲ ਹੀ ਸੰਬੰਧ ਰੱਖਦੀ ਹੈ। ਸਹੀ ਬਹਿਰ-ਵਜ਼ਨ ਵਿਚ ਰਹਿਣਾ, ਖ਼ਿਆਲਾਂ ਦਾ ਸਾਵਾਂਪਣ, ਭਾਸ਼ਾ ਅਤੇ ਭਾਸ਼ਾ ਦੇ ਮੁਹਾਵਰੇ ਨੂੰ ਸੰਭਾਲ ਰੱਖਣ ਹੀ ਨਹੀਂ ਸਗੋਂ ਉਸ ਨੂੰ ਹੋਰ ਵੀ ਚਾਰ-ਚੰਨ ਲਾਉਣ ਵਾਲੇ ਉਸ ਦੇ ਸ਼ਿਅਰ ਪਾਠਕ ਤੋਂ ਆਪਣੇ ਆਪ "ਵਾਹ ਵਾਹ" ਖੋਹ ਲੈਂਦੇ ਹਨ। ਸਾਰੀ ਉਮਰ ਗ਼ਜ਼ਲਾਂ ਲਿਖੀ ਜਾਣ ਵਾਲੇ ਪਰ ਗ਼ਜ਼ਲ-ਪ੍ਰਬੰਧ ਦੀ ਜਾਣਕਾਰੀ ਤੋਂ ਕੋਰੇ ਅਖਾਉਤੀ ਗ਼ਜ਼ਲਕਾਰਾਂ ਵਾਸਤੇ ਦਾਦਰ ਵਰਗੇ ਮਿਹਨਤੀ ਅਤੇ ਕਾਵਿ-ਕਲਾ ਵਿਚ ਨਿਪੰਨ ਨੌਜਵਾਨ ਇਕ ਮੌਡਲ ਪੇਸ਼ ਕਰਨ ਦੇ ਸਮਰੱਥ ਹਨ। ਐਸੇ ਹੋਣਹਾਰ ਨੌਜਵਾਨਾਂ ਸਦਕਾ ਅਸੀਂ ਗ਼ਜ਼ਲ ਦੇ ਭਵਿੱਖ ਬਾਰੇ ਮੂਲੋਂ ਹੀ ਨਿਸ਼ਚਿੰਤ ਹੋ ਸਕਦੇ ਹਾਂ।

ਉਂਜ ਤਾਂ "ਹੱਥ ਕੰਙਣ ਨੂੰ ਆਰਸੀ ਕੀ ਤੇ ਪੜ੍ਹੇ ਲਿਖੇ ਨੂੰ ਫ਼ਾਰਸੀ ਕੀ" ਦੀ ਕਹਾਵਤ ਮੈਨੂੰ ਬਹੁਤੇ ਵਿਸਥਾਰ ਵਿਚ ਜਾਣੋਂ ਰੋਕਦੀ ਹੈ ਪਰ ਇੱਥੇ ਮੈਂ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਦੀ ਵਿਉਂਤ ਬਣਾਈ ਬੈਠਾ ਹਾਂ। ਇਕ ਤਾਂ ਜ਼ਰਾ ਵਿਸਥਾਰ ਵਿਚ ਜਾ ਕੇ ਮੈਂ ਦਾਦਰ ਦੀ ਗ਼ਜ਼ਲਗੋਈ ਨਾਲ ਇਨਸਾਫ਼ ਕਰਨਾ ਚਾਹ ਰਿਹਾ ਹਾਂ ਤੇ ਦੂਜੇ ਇਸ ਵਿਚਾਰ-ਚਰਚਾ ਨਾਲ ਨਵੇਂ ਗ਼ਜ਼ਲ-ਸਿਖਿਆਰਥੀਆਂ ਨੂੰ ਕੁਝ ਸੇਧ ਦੇਣ ਦੀ ਕੋਸ਼ਿਸ਼ ਵਿਚ ਹਾਂ।

ਦਾਦਰ ਹੀ ਨਹੀਂ, ਹਰ ਨੌਜਵਾਨ ਸ਼ਾਇਰ ਆਪਣੀ ਸ਼ਾਇਰੀ ਦਾ ਸ਼੍ਰੀ ਗਨੇਸ਼ ਮੁਹੱਬਤ ਦੀ ਸ਼ਾਇਰੀ ਤੋਂ ਹੀ ਕਰਦਾ ਹੈ ਕਿਉਂਕਿ ਉਦੋਂ ਤੱਕ ਉਸ ਨੂੰ ਇਸੇ ਜਜ਼ਬੇ ਨੇ ਹੀ ਸਭ ਤੋਂ ਵੱਧ ਟੁੰਬਿਆ ਤੇ ਝੰਬਿਆ ਹੁੰਦਾ ਹੈ। ਪਰ ਕੁਝ ਸਮਾਜ ਨਾਲ ਜੁੜੇ ਸ਼ਾਇਰ ਛੇਤੀ ਹੀ ਆਪਣੇ ਦਰਦ ਨੂੰ ਦੂਜੇ ਨੰਬਰ 'ਤੇ ਰੱਖ ਕੇ ਜ਼ਮਾਨੇ ਦੇ ਦਰਦ ਨੂੰ ਆਪਣੀਆਂ ਲਿਖਤਾਂ ਦਾ ਖ਼ਾਸਾ ਬਣਾ ਲੈਂਦੇ ਹਨ ਜਦ ਕਿ ਕੁਝ ਲੇਖਕ ਸਾਰੀ ਉਮਰ ਆਪਣੇ ਇਸ਼ਕ ਦੇ ਕਿੱਸੇ ਹੀ ਲਿਖ ਲਿਖ ਸਰੂਰ ਲੈਂਦੇ ਰਹਿੰਦੇ ਹਨ। ਦਾਦਰ ਦੇ ਕਲਾਮ ਵਿਚ ਮੁਹੱਬਤ ਦੇ ਰੰਗ ਵਿਚ ਰੰਗੇ ਸ਼ਿਅਰਾਂ ਦੀ ਕਮੀ ਤਾਂ ਕੋਈ ਨਹੀਂ ਪਰ ਇਹ ਵੀ ਸੱਚ ਹੈ ਕਿ ਅਸਲ ਵਿਚ ਉਹ ਸਮਾਜ ਦੇ ਦੁੱਖਾਂ ਦਰਦਾਂ ਦੀ ਅੱਕਾਸੀ ਤੇ ਉਹਨਾਂ ਦੇ ਉਪਚਾਰ ਪ੍ਰਤੀ ਜ਼ਿਆਦਾ ਪ੍ਰਤੀਬੱਧ ਹੈ।

'ਜ਼ਖ਼ਮ' ਨੂੰ 'ਫੁੱਲ' ਆਖ ਕੇ, ਧੋਖਾ ਨਾ ਕਰ ਲੋਕਾਂ ਦੇ ਨਾਲ,
'ਜ਼ਖ਼ਮ' ਨੂੰ ਤੂੰ 'ਜ਼ਖ਼ਮ' ਲਿਖ, ਤੇ ਜ਼ਖ਼ਮ ਦਾ ਉਪਚਾਰ ਲਿਖ !

ਆਪਣੀ ਸ਼ਾਇਰੀ ਦੇ ਸਰੋਤ ਬਾਰੇ ਅਤੇ ਇਸ 'ਤੇ ਕੀਤੀ ਜਾ ਰਹੀ ਮਿਹਨਤ ਬਾਰੇ ਦਾਦਰ ਕੁਝ ਇਸ ਤਰ੍ਹਾਂ ਦਾ ਬਿਆਨ ਦਿੰਦਾ ਹੈ:

ਇਹ ਲੋਕੀਂ ਮੈਨੂੰ ਸ਼ਾਇਰ ਆਖਦੇ ਨੇ, ਲਿਖਣ ਕਰਕੇ ਪਰ,
ਅਸਲ ਵਿਚ ਮੈਂ ਨਹੀਂ ਲਿਖਦਾ, ਲਿਖਾਈ ਜਾ ਰਿਹੈ ਕੋਈ।

ਬਣਾ ਦਿੰਦੇ ਨੇ ਸ਼ਾਇਰ, ਪਿਆਰ ਤੇ ਰੁਜ਼ਗਾਰ ਦੇ ਗ਼ਮ ਹੀ,
ਕੋਈ ਵੀ ਜਨਮ ਤੋਂ ਤਾਂ ਆਦਮੀ ਸ਼ਾਇਰ ਨਹੀਂ ਹੁੰਦਾ।

ਦਾਦਰ ਦਾ ਮੰਨਣਾ ਹੈ ਕਿ ਕਿਸੇ ਦੇਸ਼, ਕੌਮ, ਜਾਂ ਕਿਸੇ ਵਾਸਤੇ ਵੀ ਕੁਰਬਾਨੀ ਉਸ ਵੇਲੇ ਹੀ ਦਿੱਤੀ ਜਾ ਸਕਦੀ ਹੈ ਜਦ ਉਸ ਨਾਲ ਮੁਹੱਬਤ ਹੋਵੇ। ਇਉਂ ਕੁਰਬਾਨੀ ਦੇ ਜਜ਼ਬੇ ਦਾ ਸਰੋਤ ਵੀ ਉਹ

ਪਿਆਰ ਨੂੰ ਹੀ ਮੰਨਦਾ ਹੈ:

ਤਰਨਾ ਵੀ ਨਈਂ ਸੀ ਜਾਣਦੇ ਜਿਹੜੇ, ਤਲਾਬ ਵਿਚ।
ਉਹ ਇਸ਼ਕ ਬੱਧੇ ਠਿੱਲ੍ਹ ਪਏ ਹੱਸ ਕੇ ਚਨਾਬ ਵਿਚ।

ਪਰ ਉਸ ਨੂੰ ਇਹ ਅਹਿਸਾਸ ਬੜੀ ਤੀਖਣਤਾ ਨਾਲ ਸਤਾ ਰਿਹਾ ਹੈ ਕਿ ਇਸ ਦੁਨੀਆਂ ਵਿਚ ਪਿਆਰ ਮਿਲਦਾ ਬਹੁਤ ਘੱਟ ਹੈ। ਤਾਂ ਹੀ ਤਾਂ ਦਾਦਰ ਕੁਰਲਾ ਉੱਠਦਾ ਹੈ:

ਇਕ ਵੀ ਦਿਲ ਦਾ ਪਿਆਰ ਨਾ ਮਿਲਿਆ ਉਸ ਨੂੰ ਦੁਨੀਆਂ ਵਿੱਚੋਂ,
ਸਖ਼ਸ਼ ਵਸਾਉਣਾ ਚਾਹੁੰਦਾ ਸੀ ਜੋ ਉਲਫ਼ਤ ਦਾ ਸੰਸਾਰ।

ਪਰ ਦਾਦਰ ਆਪਣੇ ਫ਼ਰਜ਼ਾਂ ਵੱਲੋਂ ਆਪਣੇ ਆਪ ਨੂੰ ਆਪ ਹੀ ਸੁਚੇਤ ਕਰਦਾ ਹੋਇਆ ਜਦ ਇਹ ਕਹਿੰਦਾ ਹੈ:

ਇਸ਼ਕ-ਫ਼ਸਾਨੇ ਲਿਖਦਾ ਲਿਖਦਾ ਭੁੱਲੀਂ ਨਾ,
ਮਜ਼ਦੂਰਾਂ ਦੀ ਦਰਦ-ਕਹਾਣੀ, ਐ 'ਦਾਦਰ'।

ਤਾਂ ਉਹ ਆਪਣੇ ਦਰਦ ਨੂੰ ਬਹੁਤੀ ਅਹਿਮੀਅਤ ਨਾ ਦੇ ਕੇ ਸਮਾਜ ਵਿਚਲੇ ਮਿਹਨਤਕਸ਼, ਮਜਬੂਰ ਤੇ ਬੇਕਸ ਲੋਕਾਂ ਦੇ ਦਰਦ ਦੀ ਗੱਲ ਜ਼ਿਆਦਾ ਸ਼ਿੱਦਤ ਨਾਲ ਕਰਨ ਲੱਗਦਾ ਹੈ:

ਕਾਰਖਾਨੇ, ਕੋਠੀਆਂ ਦਾ ਕਰਦੇ ਨੇ ਨਿਰਮਾਣ ਜੋ,
ਉਹਨਾਂ ਕਾਮੇ-ਕਿਰਤੀਆਂ ਲਈ ਕਿਉਂ ਘਰਾਂ ਦੀ ਘਾਟ ਹੈ ?

ਇਸ ਕੂੜ-ਕਪਟ ਦੇ ਦੌਰ ਵਿਚ ਸੱਚ ਬੋਲਣਾ ਆਪਣੇ ਵਾਸਤੇ ਮੁਸੀਬਤਾਂ ਨੂੰ ਆਪ ਆਵਾਜ਼ ਦੇਣ ਵਾਲੀ ਗੱਲ ਹੈ ਪਰ ਇਕ ਸੱਚ-ਪ੍ਰਸਤ ਸ਼ਾਇਰ ਝੂਠ ਦਾ ਤਾਬਿਆਦਾਰ ਕਿਵੇਂ ਹੋ ਸਕਦਾ ਹੈ ? ਦਾਦਰ ਨਿਹੋਰਾ ਮਾਰਦਾ ਹੈ:

ਟਿਕਾ ਲਿਐ ਸਿਰ ਤਲੀ ਦੇ ਉੱਤੇ, ਕਹਾਂਗਾ ਸੱਚ ਨੂੰ ਮੈਂ ਸੱਚ ਯਾਰੋ,
ਤੁਹਾਡੇ ਵਾਂਗੂੰ ਤਾਂ ਡਰ ਕੇ ਜੀਣਾ, ਮੇਰੇ ਲਈ ਹੋ ਮੁਹਾਲ ਜਾਊ।

ਮਜਬੂਰੀਆਂ ਇਨਸਾਨ ਨੂੰ ਜਾਂ ਤਾਂ ਉੱਕਾ ਹੀ ਸਾਹ-ਸਤ ਹੀਨ ਕਰਕੇ ਦੁਨੀਆਂ ਦੇ ਪੈਰਾਂ ਦੀ ਖ਼ਾਕ ਬਣਾ ਦਿੰਦੀਆਂ ਹਨ ਤੇ ਜਾਂ ਫਿਰ ਬੜਬੋਲਾ ਅਤੇ ਬੇਲਿਹਾਜ਼ਾ ਬਣਾ ਦਿੰਦੀਆਂ ਹਨ। ਇਕ ਹਸਾਸ ਸ਼ਾਇਰ ਦੀਆਂ ਉਪਰੋਕਤ ਖ਼ੂਬੀਆਂ ਜਾਂ ਕਮੀਆਂ ਨੂੰ 'ਬੇਬਾਕੀ' ਦਾ ਸੁੰਦਰ ਨਾਮ ਦਿੱਤਾ ਜਾ ਸਕਦਾ ਹੈ ਕਿਉਂਕਿ ਉਸ ਦੇ ਬੜਬੋਲੇਪਨ ਵਿਚ ਬੇਤੁਕਾਪਨ ਨਹੀਂ ਹੁੰਦਾ। ਜ਼ਰਾ ਦਾਦਰ ਦੀ ਬੇਬਾਕੀ ਦੇਖੀਏ:

ਕਿਸੇ ਧਿਰ ਦੀ ਵੀ ਉਹ ਭਾਵੇਂ, ਚੁਣੀ ਸਰਕਾਰ ਹੁੰਦੀ ਏ।
ਮਸੂਮਾਂ ਦੇ ਸਿਰਾਂ ਉੱਤੇ, ਸਦਾ ਤਲਵਾਰ ਹੁੰਦੀ ਏ।

ਉਨ੍ਹਾਂ ਨੂੰ ਹੱਕ ਹੈ ਕੀ, ਜ਼ਿੰਦਗੀ ਦੇ ਅਰਥ ਦੱਸਣ ਦਾ,
ਜਿਨ੍ਹਾਂ ਨੇ ਜ਼ਿੰਦਗੀ ਨੂੰ ਸਮਝਿਆ ਹੈ 'ਬੁਲਬੁਲਾ' ਕਰਕੇ।

ਮੰਦਰ, ਮਸਜਿਦ ਵਿਚ ਹੁਣ ਰੱਬ ਨਹੀਂ ਵਸਦਾ,
ਉਸ ਨੂੰ ਪੈਰੋਕਾਰਾਂ ਤੋਂ, ਡਰ ਲੱਗਦਾ ਹੈ।

ਦਾਦਰ ਇੱਕ ਹਸਾਸ ਸ਼ਾਇਰ ਹੈ ਤੇ ਸ਼ਾਇਰ ਭਾਵੇਂ ਕਿੰਨੇ ਵੀ ਦੁੱਖਾਂ ਕਸ਼ਟਾਂ ਵਿੱਚੋਂ ਗੁਜ਼ਰ ਰਿਹਾ ਹੋਵੇ ਉਹ ਆਪਣੀ ਸੋਚ ਦੇ ਤਰਾਜ਼ੂ ਨੂੰ ਪਾਸਕੂ ਨਹੀਂ ਪੈਣ ਦਿੰਦਾ। ਉਹ ਢਹਿੰਦੀ ਕਲਾ ਵਾਲੀ ਪਹੁੰਚ ਕਦੀ ਨਹੀਂ ਅਪਨਾਉਂਦਾ। ਉਸ ਦਾ ਨੁਕਤਾ-ਨਜ਼ਰ ਹਮੇਸ਼ਾ ਉਸਾਰੂ ਅਤੇ ਹਾਂ-ਪੱਖੀ ਹੀ ਰਹਿੰਦਾ ਹੈ। ਤੇ ਜੇ ਇੰਜ ਉਹ ਨਾ ਕਰ ਸਕੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਭਾਵੇਂ ਉਸ ਨੂੰ ਸ਼ਿਅਰ ਕਹਿਣ ਦੀ ਤਕਨੀਕ ਆਉਂਦੀ ਹੈ ਪਰ ਉਹ ਜ਼ਿਹਨੀ ਤੌਰ 'ਤੇ ਸ਼ਾਇਰ ਨਹੀਂ ਹੈ। ਦਾਦਰ ਇਸ ਕਸੌਟੀ 'ਤੇ ਵੀ ਖ਼ਰਾ ਉੱਤਰਦਾ ਹੈ:

ਕੋਈ ਇਕ ਬੇਵਫ਼ਾ ਜੇ ਹੋ ਗਿਆ ਤਾਂ ਫੇਰ ਕੀ ਹੋਇਆ ?
ਮਹਿਜ਼ ਏਨੀ ਕੁ ਗੱਲ ਪਿੱਛੇ ਨਾ ਸਭ ਨੂੰ ਮਤਲਬੀ ਸਮਝੋ।

ਦਾਦਰ ਸੰਗਾਊ ਸੁਭਾਅ ਦਾ ਮਾਲਿਕ ਹੈ ਤੇ ਇਕ ਭੋਲਾ-ਭਾਲਾ ਸ਼ਾਇਰ ਹੈ ਪਰ ਉਹ ਫਿਰ



ਵੀ ਤਿੱਖੀ ਸੋਚ ਦਾ ਧਾਰਨੀ ਹੈ। ਵੇਖੋ ਉਸ ਦੀ ਸੁਚੇਤਨਾ ਕਿਸ ਤਰਫ਼ ਇਸ਼ਾਰਾ ਕਰਦੀ ਹੈ:

ਅਸੀਂ ਕਿਸ ਰਾਹ 'ਤੇ ਤੁਰਨਾ ਹੈ, ਅਸਾਡੀ ਕਿੱਥੇ ਹੈ ਮੰਜ਼ਿਲ,
ਅਕਾਰਥ ਭਟਕਣੋਂ ਚੰਗਾ ਹੈ, ਪਹਿਲਾਂ ਫ਼ੈਸਲਾ ਕਰੀਏ।

ਇੱਕ ਪੁਖ਼ਤਾ ਸ਼ਾਇਰ ਜਿੱਥੇ ਸਾਹਿਤ ਸੰਸਾਰ ਨੂੰ ਆਪਣੀਆਂ ਅਨਮੋਲ ਕਿਰਤਾਂ ਦੇ ਜਾਂਦਾ ਹੈ ਜਿਹਨਾਂ ਨੂੰ ਪੜ੍ਹ ਪੜ੍ਹ ਕੇ ਪਾਠਕ ਲੁਤਫ਼-ਅਦੋਜ਼ ਹੁੰਦੇ ਹਨ ਉੱਥੇ ਉਹ ਕੁਝ ਐਸੇ ਕਥਨ ਵੀ ਅਪਣੇ ਲੋਕਾਂ ਦੀ ਝੋਲੀ ਪਾ ਜਾਂਦਾ ਹੈ ਜਿਹਨਾਂ ਨੂੰ ਉਹ 'ਅਟੱਲ-ਸਚਾਈਆਂ' ਦੇ ਰੂਪ ਵਿਚ ਸੰਭਾਲ ਲੈਂਦੇ ਹਨ ਤੇ ਸਦੀਆਂ ਤੱਕ ਲੋਕ ਆਪਣੇ ਕਥਨ ਦੀ ਪੁਸ਼ਟੀ ਵਾਸਤੇ ਉਸ ਸ਼ਾਇਰ ਦੇ ਸ਼ਿਅਰਾਂ ਦੇ ਹਵਾਲੇ ਦਿੰਦੇ ਰਹਿੰਦੇ ਹਨ। ਦਾਦਰ ਨੇ ਛੋਟੀ ਜਿਹੀ ਉਮਰ ਵਿਚ ਹੀ ਇਸ ਪਾਸੇ ਵੀ ਵੱਡੀ ਪ੍ਰਾਪਤੀ ਕੀਤੀ ਹੈ। ਕੁਝ ਅਟੱਲ-ਸਚਾਈਆਂ ਵਰਗੇ ਸ਼ਿਅਰ ਮੁਲਾਹਿਜ਼ਾ ਫ਼ੁਰਮਾਉ:

ਸਾਨੂੰ ਬੇ-ਖ਼ੌਫ਼ ਕਰਕੇ ਲੁੱਟਣਗੇ ਸਾਡੇ ਘਰ ਇਹ,
ਜੋ ਚੋਰ ਇਸ ਨਗਰ ਦੇ, ਪਹਿਰਾ ਲਗਾ ਰਹੇ ਨੇ। (ਕਿਆ ਹਕੀਕਤ ਕੱਢੀ ਹੈ!)

ਸੂਰਜ, ਬੱਦਲ, ਚੰਦ, ਸਿਤਾਰੇ, ਅੰਬਰ 'ਤੇ ਹੀ ਹੈਨ ਸੁਰੱਖਿਅਤ,
ਲੋਕਾਂ ਵੇਚ ਕੇ ਖਾ ਜਾਣੇ ਸੀ, ਜੇ ਕਰ ਇਹ ਵੀ ਹੁੰਦੇ ਥੱਲੇ।
(ਇਨਸਾਨੀ ਜ਼ਹਿਨੀਅਤ ਦੀ ਅੱਕਾਸੀ।)

ਗ਼ਲਤ ਹੈ ਕਿ ਹਯਾਤੀ ਸਿਰਫ਼ ਕੋਠੀ-ਕਾਰ ਹੁੰਦੀ ਏ।
ਅਸਲ ਵਿਚ ਜ਼ਿੰਦਗੀ ਮਿਹਨਤ, ਮੁਸ਼ੱਕਤ, ਪਿਆਰ ਹੁੰਦੀ ਏ।

• **ਜਦੀਦੀਅਤ (ਨਵੀਨਤਾ):** ਨਵੀਨਤਾ ਪਸੰਦ ਕੁਝ ਆਲੋਚਕ ਜਦੋਂ ਕਿਸੇ ਆਪਣੇ ਗੁੱਟ ਦੇ ਲੇਖਕ ਦੀ ਲਿਖਤ ਤੇ ਤਬਸਰਾ ਕਰਦੇ ਹਨ ਤਾਂ ਬੜੀ ਕਾਹਲੀ ਵਿਚ ਇਹ ਸਰਟੀਫ਼ੀਕੇਟ ਦੇ ਜਾਂਦੇ ਹਨ ਕਿ ਇਸ ਲੇਖਕ ਦੀ ਲਿਖਤ ਬੜੀ ਆਧੁਨਿਕ ਹੈ ਕਿਉਂਕਿ ਉਸ ਨੇ ਆਪਣੀ ਲਿਖਤ ਵਿੱਚ "ਬਲਬ, ਟੀ.ਵੀ, ਰੇਡੀਓ, ਸਪੂਤਨਿਕ" ਆਦਿ ਬੜੇ ਆਧੁਨਿਕ ਲਫ਼ਜ਼ ਵਰਤੇ ਹਨ। ਪਰ ਉਹਨਾਂ ਨੂੰ ਕੌਣ ਸਮਝਾਵੇ ਕਿ ਆਧੁਨਿਕਤਾ ਲਫ਼ਜ਼ਾਂ ਵਿਚ ਨਹੀਂ ਹੁੰਦੀ ਸਗੋਂ ਨਵੇਂ ਖ਼ਿਆਲ, ਨਵੇਂ ਵਿਸ਼ਿਆਂ ਅਤੇ ਨਵੇਂ ਅੰਦਾਜ਼ ਵਿਚ ਹੁੰਦੀ ਹੈ।

ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਦੇ ਵਿਚਾਰ ਅਨੁਸਾਰ, "ਨਵੀਨਤਾ ਦਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਨਵੀਆਂ ਅਛੂਤੀਆਂ ਤਸ਼ਬੀਹਾਂ ਦਿੱਤੀਆਂ ਜਾਣ, ਨਵੇਂ ਤੇ ਅਛੂਤੇ ਅਲੰਕਾਰ ਪੈਦਾ ਕੀਤੇ ਜਾਣ, ਨਵੀਂ ਚੇਤਨਾ, ਨਵਾਂ ਚਿੰਤਨ ਅਤੇ ਨਵੇਂ ਮਜ਼ਮੂਨ, ਬੁਨਿਆਦੀ ਤੱਥਾਂ ਦੇ ਆਧਾਰ 'ਤੇ ਵਿਅੱਕਤ ਕੀਤੇ ਜਾਣ। ਨਵੇਂ ਬਿੰਬ, ਨਵੇਂ ਸਮਾਸ ਅਦਾ ਕੀਤੇ ਜਾਣ।"

ਇਸ ਆਧਾਤ 'ਤੇ ਦਾਦਰ ਦੀਆਂ ਗ਼ਜ਼ਲਾਂ ਵਿੱਚ ਬਹੁਤ ਸਾਰੇ ਸ਼ਿਅਰ ਐਸੇ ਮਿਲ ਜਾਂਦੇ ਹਨ ਜਿਹਨਾਂ ਦੇ ਵਿਸ਼ੇ ਜਾਂ ਖ਼ਿਆਲਾਂ ਨੂੰ ਇਸ ਅੰਦਾਜ਼ ਵਿੱਚ ਪਹਿਲਾਂ ਕਦੀ ਨਹੀਂ ਕਿਹਾ ਗਿਆ। ਇਹ ਨਵੀਨਤਾ ਹੀ ਅਸਲ ਜਦੀਦੀਅਤ ਹੈ। ਐਸੇ ਬਹੁਤ ਸਾਰੇ ਸ਼ਿਅਰਾਂ ਵਿੱਚੋਂ ਦੋ ਸ਼ਿਅਰ ਪੇਸ਼ ਹਨ-

ਉਹ ਸੁਪਨੇ ਵਿਚ ਹੀ ਵਾਅਦਾ ਪੂਰਾ ਕਰਕੇ ਤੁਰ ਤਾਂ ਨਾ ਜਾਂਦੇ,
ਅਸੀਂ ਜੇ ਰਾਤ ਅੱਖਾਂ ਵਿਚ ਬਿਤਾ ਲੈਂਦੇ ਤਾਂ ਚੰਗਾ ਸੀ।

ਮੇਰੀ ਮਿਹਨਤ ਦੀ ਤਿਪ-ਤਿਪ 'ਤੇ, ਤੁਸੀਂ ਨਜ਼ਰਾਂ ਟਿਕਾਵੋ ਨਾ,
ਪਵੇਗਾ ਫ਼ਰਕ ਮੈਨੂੰ ਲਾਜ਼ਮੀ, ਸਾਗਰ ਨਹੀਂ ਹਾਂ ਮੈਂ।

• **ਅਦਾਇਗੀ:**

ਸ਼ਾਇਰੀ ਵਿਚ ਜਿੱਥੇ ਖ਼ਿਆਲ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ, ਇਹ ਜਾਚਿਆ ਜਾਂਦਾ ਹੈ ਕਿ ਸ਼ਾਇਰ ਕੀ ਕਹਿ ਰਿਹਾ ਹੈ ? ਕੀ ਕਹਿਣਾ ਚਾਹੁੰਦਾ ਹੈ ? ਉੱਥੇ ਇਹ ਵੀ ਵੇਖਿਆ ਜਾਂਦਾ ਹੈ ਕਿ ਉਹ ਜੋ ਕਹਿਣਾ ਚਾਹੁੰਦਾ ਹੈ ਉਸ ਨੂੰ ਬਾ-ਖ਼ੂਬੀ ਕਹਿ ਵੀ ਸਕਿਆ ਹੈ ? ਉਸ ਦਾ ਕਹਿਣ-ਢੰਗ ਕੀ ਹੈ ? ਉਹ ਕਿੰਨਾਂ ਕੁ ਪ੍ਰਭਾਵਸ਼ਾਲੀ ਹੈ ? ਉਹ ਪਾਠਕਾਂ / ਸਰੋਤਿਆਂ ਦੇ ਦਿਲਾਂ 'ਤੇ ਕਿਸ ਤਰ੍ਹਾਂ ਦਾ ਅਤੇ ਕਿੰਨਾਂ ਕੁ ਅਸਰ ਕਰਦਾ ਹੈ ? ਜੇ ਇਹ ਸਾਰੀਆਂ ਗੱਲਾਂ ਵਿਚਾਰੀਏ ਤਾਂ ਦਾਦਰ ਇਸ ਪੱਖੋਂ ਵੀ ਪੂਰੀ

ਤਰ੍ਹਾਂ ਕਾਮਯਾਬ ਨਜ਼ਰ ਆਉਂਦਾ ਹੈ। ਉਹ ਆਪਣੀ ਗੱਲ ਦਲੀਲ ਨਾਲ ਕਰਦਾ ਹੈ। ਇਸ ਖ਼ੂਬੀ ਨੂੰ ਅਰੂਜ਼ ਅਨੁਸਾਰ **"ਮੁਦੱਲਲ"** ਦਾ ਨਾਮ ਦਿੱਤਾ ਗਿਆ ਹੈ। ਭਾਵ ਕਿ ਦਲੀਲ ਨਾਲ ਗੱਲ ਕਰਨੀ। ਆਉ ਦਾਦਰ ਦੇ ਕੁਝ ਬਾ-ਦਲੀਲ ਸ਼ਿਅਰਾਂ ਦਾ ਮੁਤਾਲਿਆ ਕਰੀਏ:

ਗਿਲਾ-ਸ਼ਿਕਵਾ ਕਿਸੇ ਦੇ ਨਾਲ ਹੁਣ 'ਦਾਦਰ' ਨੇ ਕੀ ਕਰਨੈ,
ਮੁਹੱਬਤ ਕੀਤੀ ਸੀ ਉਸ ਕਦ ਕਿਸੇ ਸੰਗ ਮਸ਼ਵਰਾ ਕਰਕੇ।

ਗੱਲ ਲੋਕਾਂ ਦੀ ਜੇ ਕਰਨੀ ਤਾਂ ਲੋਕਾਂ ਨਾਲ ਖੜ੍ਹ,
ਜੇ ਤੂੰ ਢਾਰਿਆਂ ਦੈਂ, ਪਿਆਰ ਕਿਉਂ ਚੁਬਾਰਿਆਂ ਦੇ ਨਾਲ।

ਐਵੇਂ ਨਾ ਦੋਸ਼ ਲਾਉ ਕਿ ਉਲਫ਼ਤ ਨਹੀਂ ਰਹੀ।
ਬੰਦਾ ਵਿਅਸਤ ਹੋ ਗਿਐ, ਫ਼ੁਰਸਤ ਨਹੀਂ ਰਹੀ।

**• ਤਨਜ਼ ਜਾਂ ਵਿਅੰਗੋਕਤੀ-ਅਲੰਕਾਰ:**

ਉੱਤਮ ਸਾਹਿਤ ਵਿਚ ਜਿੱਥੇ ਗਹਿਰ ਗੰਭੀਰ ਗੱਲਾਂ ਬਹੁਤ ਗੰਭੀਰਤਾ ਨਾਲ ਕੀਤੀਆਂ ਜਾਂਦੀਆਂ ਹਨ, ਉੱਥੇ ਲੇਖਕ ਆਪਣੀ ਗੱਲ ਨੂੰ ਜ਼ਿਆਦਾ ਕਾਟਵੀਂ ਅਤੇ ਦਿਲ ਨੂੰ ਛੂਹ ਜਾਣ ਵਾਲੀ ਬਨਾਉਣ ਵਾਸਤੇ ਕਈ ਵਾਰ ਵਿਅੰਗ ਦਾ ਵੀ ਸਹਾਰਾ ਲੈਂਦਾ ਹੈ। ਵਿਅੰਗ ਸਾਹਿਤ ਦਾ ਇੱਕ ਅਨਿੱਖੜਵਾਂ ਅੰਗ ਹੈ। ਤਨਜ਼ ਜਾਂ ਵਿਅੰਗੋਕਤੀ-ਅਲੰਕਾਰ ਸਾਹਿਤਕਾਰ ਦਾ ਇੱਕ ਐਸਾ ਤੀਰ ਹੈ ਜੋ ਸਦਾ ਨਿਸ਼ਾਨੇ ਤੇ ਹੀ ਲੱਗਦਾ ਹੈ ਤੇ ਆਪਣੇ ਨਿਸ਼ਾਨੇ ਨੂੰ ਚਿੱਤ ਕਰਕੇ ਹੀ ਛੱਡਦਾ ਹੈ। ਪਰ ਕਿਸੇ 'ਤੇ ਵਿਅੰਗ ਕੱਸਣਾ ਕੋਈ ਸੌਖਾ ਜਿਹਾ ਕਾਰਜ ਨਹੀਂ ਹੈ ਇਸ ਵਾਸਤੇ ਲੇਖਕ ਦੀ ਤਬੀਅਤ ਵਿੱਚ ਵਿਅੰਗ ਵੱਸਿਆ ਹੋਣਾ ਚਾਹੀਦਾ ਹੈ। ਆਉ ਕੁਝ ਵਿਅੰਗਾਤਮਿਕ (ਤਨਜ਼ੀਆ) ਸ਼ਿਅਰਾਂ ਦਾ ਆਨੰਦ ਮਾਣੀਏ:

ਜਿਹਨਾਂ ਵਾਲਾਂ ਦੀ ਤੁਲਨਾ ਸੀ ਕਰਦੇ ਘੋਰ-ਘਟਾਵਾਂ ਨਾਲ।
ਕਾਲਜ ਜਾ ਕੇ ਕੁੜੀਆਂ ਨੇ ਉਹ ਵਾਲ ਕਟਾ ਲਏ ਚਾਵਾਂ ਨਾਲ। (ਤਰਾਸਦੀ)

ਸਨਮਾਨਾਂ 'ਤੇ ਜਾਇਆ ਕਰ ਤੂੰ, ਤੈਨੂੰ ਵੀ ਸਨਮਾਨ ਮਿਲੂ,
'ਦਾਦਰ' ਗੰਢ-ਤੁਪ ਕਰਕੇ ਰੱਖੀਏ, ਸ਼ਾਇਰਾਂ ਨਾਲ, ਸਭਾਵਾਂ ਨਾਲ।

ਉਹ ਅੱਡ ਜਦੋਂ ਦਾ ਹੋ ਗਿਐ, ਕਿੰਨਾਂ ਬਦਲ ਗਿਐ,
ਉਸਨੂੰ ਫ਼ਜ਼ੂਲ-ਖਰਚ ਦੀ ਆਦਤ ਨਹੀਂ ਰਹੀ।

**• ਨਾਟਕੀ-ਵਾਰਤਾਲਾਪ-** ਸਾਹਿਤ ਵਿਚ ਸ਼ਾਇਰ ਵੱਲੋਂ ਆਪਣੇ ਵਿਚਾਰ ਵਿਅਕਤ ਕਰਦਿਆਂ ਜੇ ਕਿਤੇ ਉਸ ਮਸਲੇ ਵਿੱਚ ਸ਼ਾਮਿਲ ਪਾਤਰਾਂ ਦੀ ਆਪਸੀ ਗੱਲ-ਬਾਤ ਵੀ ਪੇਸ਼ ਕਰ ਦਿੱਤੀ ਜਾਵੇ ਤਾਂ ਇਹ ਗੁਣ ਉਸ ਰਚਨਾ ਨੂੰ ਚਾਰ-ਚੰਨ ਲਾ ਦਿੰਦਾ ਹੈ। ਇਸਨੂੰ ਅਲੰਕਾਰ ਨੂੰ 'ਨਾਟਕੀ-ਵਾਰਤਾਲਾਪ' ਦਾ ਨਾਮ ਦਿੱਤਾ ਗਿਆ ਹੈ। ਜਿਵੇਂ:

"ਅਪਣੇ ਪਿਆਰ 'ਚ ਕਿਸ ਨੇ ਅੜਿੱਕਾ ਡਾਹਿਆ ਹੈ ?"
ਪੁੱਛਿਆ, ਤਾਂ ਦੁਨੀਆਂ ਫ਼ੁਰਮਾਇਆ, "ਸਜਣਾਂ ਨੇ।"

**• ਖੇਤਰੀ ਭਾਸ਼ਾ-** ਸਾਹਿਤ ਵਿੱਚ ਅਤੇ ਖ਼ਾਸ ਕਰਕੇ ਗ਼ਜ਼ਲ ਵਿੱਚ ਟਕਸਾਲੀ ਪੰਜਾਬੀ ਭਾਸ਼ਾ ਦਾ ਇਸਤੇਮਾਲ ਹੀ ਜ਼ਿਆਦਾ ਸ਼ੋਭਦਾ ਹੈ ਪਰ ਚੰਗੀ ਮੁਹਾਰਤ ਰੱਖਣ ਵਾਲਾ ਸ਼ਾਇਰ ਜੇ ਕਿਤੇ ਕਿਤੇ ਖੇਤਰੀ ਭਾਸ਼ਾ ਵੀ ਵਰਤਦਾ ਹੈ ਤਾਂ ਇਹ ਵੀ ਉਸ ਦੀਆਂ ਖ਼ੂਬੀਆਂ ਵਿੱਚ ਹੀ ਸ਼ੁਮਾਰ ਕੀਤੀ ਜਾਂਦੀ ਹੈ। ਪਰ ਇਸ ਵਾਸਤੇ ਸ਼ਾਇਰੀ ਦੀ ਖ਼ੂਬਸੂਰਤੀ ਅਤੇ ਗਹਿਰ-ਗੰਭੀਰਤਾ ਨੂੰ ਮੁੱਖ ਤੌਰ 'ਤੇ ਸਾਹਮਣੇ ਰੱਖਣਾ ਅਤੀ ਜ਼ਰੂਰੀ ਹੈ, ਨਹੀਂ ਤਾਂ ਇਹ ਖ਼ੂਬੀ, ਖ਼ੂਬੀ ਨਾ ਰਹਿ ਕੇ ਦੋਸ਼ ਬਣ ਜਾਵੇਗੀ। ਦਾਦਰ ਇਸ ਪੱਖੋਂ ਵੀ ਚੌਕਸ ਹੈ। ਉਹ ਕਿਤੇ ਕਿਤੇ ਖੇਤਰੀ-ਭਾਸ਼ਾ ਬੜੀ ਮੁਹਾਰਤ ਨਾਲ ਵਰਤ ਜਾਂਦਾ ਹੈ:

ਤੁਹਾਡੀ ਯਾਦ ਸਾਡੇ ਕੋਲ ਬਾਕੀ ਹੈ, ਪਤੈ ਥੋਨੂੰ,
ਕਿ ਉਸ ਦੇ ਆਸਰੇ ਜੀਵਨ ਬਿਤਾਈ ਜਾ ਰਿਹੈ ਕੋਈ। (ਥੋਨੂੰ)

ਉੱਤਮ ਸ਼ਾਇਰੀ ਦੀ ਇੱਕ ਇਹ ਵੀ ਖ਼ਾਸੀਅਤ ਹੁੰਦੀ ਹੈ ਕਿ ਉਸ ਵਿਚ ਖ਼ਿਆਲ ਪੇਸ਼ ਕਰਨ ਸਮੇਂ ਕੋਈ ਸ਼ਾਇਰ ਕੋਈ ਤਰੱਦਦ (ਕੋਸ਼ਿਸ਼) ਕਰਦਾ ਹੋਇਆ ਨਾਜ਼ਰ ਨਾ ਆਵੇ ਸਗੋਂ ਇਉਂ ਮਹਿਸੂਸ ਹੋਵੇ ਕਿ ਉਹ ਤਾਂ ਆਪ-ਮੁਹਾਰੇ ਹੀ ਇਹ ਗੱਲ ਕਹਿ ਗਿਆ ਹੈ। ਵਿਆਕਰਣ ਵੱਲੋਂ ਬੇਧਿਆਨੇ ਹੋ ਜਾਣਾ ਸ਼ਾਇਰੀ ਵਿੱਚ ਵੀ ਉਤਨਾ ਹੀ ਗ਼ੈਰ-ਵਾਜਬ ਹੈ ਜਿੰਨਾ ਕਿ ਵਾਰਤਕ ਵਿਚ। ਸ਼ਾਇਰ ਨੂੰ ਕੋਈ ਹੱਕ ਨਹੀਂ ਮਿਲਦਾ ਕਿ ਉਹ ਭਾਸ਼ਾ ਦੀ ਵਿਆਕਰਣ ਹੀ ਵਿਗਾੜ ਦੇਵੇ। ਇਸ ਪੱਖੋਂ ਦਾਦਰ ਦੇ ਸ਼ਿਅਰ ਬਿਲਕੁਲ ਆਮ-ਫ਼ਹਿਮ ਬੋਲ-ਚਾਲ ਅਤੇ ਵਾਰਤਕ ਵਰਗੇ ਹੀ ਹੁੰਦੇ ਹਨ। ਇਹ ਗੁਣ ਸ਼ਾਇਰ ਨੂੰ ਬਹੁਤ ਮੁਸ਼ੱਕਤ ਅਤੇ ਅਭਿਆਸ ਬਾਅਦ ਹੀ ਨਸੀਬ ਹੁੰਦਾ ਹੈ। ਇਸ ਪੱਖ ਤੋਂ ਉਂਜ ਤਾਂ ਦਾਦਰ ਦਾ ਕੋਈ ਵੀ ਸ਼ਿਅਰ ਲਿਆ ਜਾ ਸਕਦਾ ਹੈ ਪਰ ਫਿਰ ਵੰਨਗੀ ਦੇ ਤੌਰ 'ਤੇ ਵੇਖੋ ਇਕ ਸ਼ਿਅਰ:

ਮੂੰਹੋਂ ਕੁਝ ਨਾ ਬੋਲ, ਤਮਾਸ਼ਾ ਵੇਖੀ ਜਾ!
ਬਣ ਕੇ ਰਹਿ ਅਣਭੋਲ, ਤਮਾਸ਼ਾ ਵੇਖੀ ਜਾ!

**• ਬਹਿਰ/ਵਜ਼ਨ:** ਵਾਰਤਕ ਤੋਂ ਸ਼ਾਇਰੀ ਨੂੰ ਉਸ ਦੀ ਕਾਵਿਕ-ਦੱਖ ਹੀ ਵੱਖਰਿਆਂਉਂਦੀ ਹੈ। ਉਸ ਦੀ ਲੈਆਤਮਿਕਤਾ, ਸੰਗੀਤਾਤਮਿਕਤਾ ਉਸ ਨੂੰ 'ਸ਼ਾਇਰੀ' ਦਾ ਦਰਜ਼ਾ ਦਵਾਉਂਦੀ ਹੈ। ਜੇ ਕਿਸੇ ਕਾਵਿ-ਰਚਨਾ ਵਿਚ ਲੈਅ ਨਹੀਂ, ਸੰਗੀਤ ਨਹੀਂ, ਜੇ ਉਹ ਗਾਈ ਨਹੀਂ ਜਾ ਸਕਦੀ ਤਾਂ ਉਸ ਨੂੰ ਹਰਗਿਜ਼ ਸ਼ਾਇਰੀ ਨਹੀਂ ਕਿਹਾ ਜਾ ਸਕਦਾ। ਜੇ ਲੋਕ ਵਿਆਕਰਣਕ ਉਕਾਈਆਂ ਭਰਪੂਰ ਵਾਰਤਕ ਦੇ ਵਾਕਾਂ ਨੂੰ ਤੋੜ ਤੋੜ ਕੇ ਲਿਖਦੇ ਹਨ ਤੇ ਫਿਰ ਉਸ ਨੂੰ 'ਕਵਿਤਾ' ਦਾ ਨਾਮ ਦਿੰਦੇ ਹਨ, ਉਹ ਸਾਹਿਤ ਨਾਲ ਅਸਹਿ ਧੱਕਾ ਕਰ ਰਹੇ ਹਨ। ਉਹ ਨਾ ਹੀ ਪ੍ਰਮਾਤਮਾ ਵੱਲੋਂ ਕਾਵਿ-ਗੁਣ ਨਾਲ ਵਰੋਸਾਏ ਗਏ ਹੁੰਦੇ ਹਨ ਤੇ ਨਾ ਹੀ ਉਹਨਾਂ ਨੇ ਕਾਵਿ ਦੀ ਰੂਹ ਨੂੰ ਪਛਾਣਿਆ ਹੁੰਦਾ ਹੈ। ਉਹ ਨਾ ਕਵਿਤਾ ਲਿਖਣ ਜਾਣਦੇ ਹਨ ਤੇ ਨਾ ਹੀ ਉਹ ਇਹ ਗੁਣ ਕਿਸੇ ਤੋਂ ਸਿੱਖਣ ਦੀ ਖੇਚਲ ਕਰਨਾ ਗਵਾਰਾ ਕਰਦੇ ਹਨ। ਪਰ ਸ਼ਾਇਰ ਅਖਵਾਉਣ ਦੀ ਉਹਨਾਂ ਵਿਚ ਐਨੀ ਭੁੱਖ ਹੁੰਦੀ ਹੈ ਕਿ ਉਹ ਉੱਘੜ-ਦੁਘੜੀ ਵਾਰਤਕ ਨੂੰ ਕਵਿਤਾ ਕਹਿ ਕੇ ਆਪਣੇ ਆਪ ਨੂੰ ਆਪ ਹੀ ਕਵੀ ਗਰਦਾਨ ਲੈਂਦੇ ਹਨ। ਜਾਂ ਉਹਨਾਂ ਵਰਗੇ ਹੀ ਉਹਨਾਂ ਦੇ ਜੁੰਡਲੀਦਾਰ ਉਹਨਾਂ ਨੂੰ 'ਮਹਾਨ-ਕਵੀ' ਦਾ ਲਕਬ ਪਰਦਾਨ ਕਰ ਦਿੰਦੇ ਹਨ।

ਪਰ ਜਿਹਨਾਂ ਖ਼ੁਸ਼-ਨਸੀਬਾਂ ਨੂੰ ਪ੍ਰਮਾਤਮਾ ਨੇ ਸ਼ਾਇਰੀ ਦੀ ਦਾਤ ਨਾਲ ਨਿਵਾਜ਼ਿਆ ਹੁੰਦਾ ਹੈ ਅਤੇ ਫਿਰ ਉਹ ਸ਼ਾਇਰਾਨਾ ਤਬੀਅਤ ਵਾਲੇ ਜਿਹੜੇ ਇਸ ਪੱਖੋਂ ਆਪਣੇ ਤੋਂ ਸੀਨੀਅਰ ਤਜ਼ੁਰਬੇਕਾਰ ਸ਼ਾਇਰਾਂ ਤੋਂ ਇਸ ਦੀ ਜਾਣਕਾਰੀ ਅਤੇ ਅਗਵਾਈ ਹਾਸਿਲ ਕਰਕੇ ਬਾ-ਵਜ਼ਨ ਕਵਿਤਾ ਰਚਣ ਵਿਚ ਮਹਾਰਤ ਹਾਸਿਲ ਕਰ ਲੈਂਦੇ ਹਨ, ਉਹ ਐਸੀਆਂ ਘਤੂਤਾਂ ਦੇ ਵਰਗਲਾਵੇ ਵਿਚ ਕਦੀ ਨਹੀਂ ਆਉਂਦੇ। ਦਾਦਰ ਮੇਰਾ ਲਾਡਲਾ ਸ਼ਾਗਿਰਦ ਹੈ। ਉਹ ਹੁਣ ਬਹਿਰ-ਵਜ਼ਨ ਪੱਖੋਂ ਕਦੀ ਉੱਕਦਾ ਨਹੀਂ। ਉਸ ਦੇ ਸ਼ਿਅਰ ਸ਼ਾਂਤ ਵਹਿੰਦੀ ਨਦੀ ਵਾਂਗ ਲਗਾਤਾਰ ਰਵਾਨੀ ਵਿਚ ਵਹਿੰਦੇ ਹਨ ਅਤੇ ਪੜ੍ਹਨ ਸੁਨਣ ਵਾਲੇ ਨੂੰ ਵੀ ਆਪਣੇ ਵਹਾਅ ਨਾਲ ਹੀ ਵਹਿ ਜਾਣ ਵਾਸਤੇ ਲਲਾਇਤ ਕਰ ਦਿੰਦੇ ਹਨ।

ਕਵਿਤਾ ਵਿੱਚ ਕਾਫ਼ੀਆ (ਤੁਕਾਂਤ) ਕੇਵਲ ਇੱਕ ਅਲੰਕਾਰ ਦੀ ਹੀ ਹੈਸੀਅਤ ਰੱਖਦਾ ਹੈ, ਪਰ ਗ਼ਜ਼ਲ ਵਿੱਚ ਉਹ ਗ਼ਜ਼ਲ ਦਾ ਇੱਕ ਜ਼ਰੂਰੀ ਅੰਗ ਬਣ ਕੇ ਆਉਂਦਾ ਹੈ। ਕਾਫ਼ੀਏ ਬਿਨਾਂ ਗ਼ਜ਼ਲ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ। ਹਾਂ ਰਦੀਫ਼ ਦੋਹਾਂ ਸਿਨਫ਼ਾਂ ਵਿੱਚ ਕੋਈ ਜ਼ਰੂਰੀ ਨਹੀਂ ਹੁੰਦੀ। ਲੇਕਿਨ ਜੇ ਕਵਿਤਾ ਜਾਂ ਗ਼ਜ਼ਲ ਨੂੰ ਕੋਈ ਅੱਛੀ ਰਦੀਫ਼ ਮਿਲ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਅੱਜ-ਕੱਲ੍ਹ ਦੇ ਬਹੁਤੇ ਆਧੁਨਿਕਤਾਵਾਦੀ ਰਦੀਫ਼ ਨੂੰ ਅਖਾਉਤੀ ਆਧੁਨਿਕਤਾ ਦੇ ਰਾਹ ਦਾ ਰੋੜਾ ਮਹਿਸੂਸ ਕਰਦੇ ਹਨ ਤੇ ਇਸ ਪੱਖ ਦੇ ਸ਼ਾਇਰ ਰਦੀਫ਼ ਤੋਂ ਬਿਨਾਂ ਹੀ ਜਾਂ ਬਹੁਤ ਹੀ ਛੋਟੀ ਰਦੀਫ਼ ਰੱਖ ਕੇ ਗ਼ਜ਼ਲਾਂ ਕਹਿੰਦੇ ਹਨ।

ਦਾਦਰ ਆਮ ਤੌਰ 'ਤੇ **ਲੰਮੀਆਂ ਅਤੇ ਖ਼ੂਬਸੂਰਤ ਰਦੀਫ਼ਾਂ** ਨੂੰ ਆਪਣੀਆ ਗ਼ਜ਼ਲਾਂ ਦਾ ਸ਼ਿੰਗਾਰ ਬਣਾਉਂਦਾ ਹੈ। ਅਤੇ ਫਿਰ ਉਹਨਾਂ ਨੂੰ ਗ਼ਜ਼ਲ ਦੇ ਹਰ ਸ਼ਿਅਰ ਵਿਚ ਬਾ-ਮਾਅਨੀ ਨਿਭਾਉਂਦਾ ਹੈ। ਜਦ ਕਿ ਬਹੁਤ ਸਾਰੇ ਮੰਨੇ-ਪ੍ਰਮੰਨੇ ਸ਼ਾਇਰ ਵੀ ਚੰਗੀ 'ਤੇ ਲੰਮੀ ਰਦੀਫ਼ ਰੱਖ ਤਾਂ ਲੈਂਦੇ ਹਨ ਪਰ ਇਕ-ਦੋ ਸ਼ਿਅਰਾਂ ਮਗਰੋਂ ਹੀ ਉਹਨਾਂ ਦੀ ਰਦੀਫ਼ ਉਹਨਾਂ 'ਤੇ ਭਾਰ ਮਹਿਸੂਸ ਹੋਣ ਲੱਗਦੀ ਹੈ ਤੇ ਫਿਰ ਉਹਨਾਂ ਤੋਂ ਉਹ ਬਾਮਾਅਨੀ ਨਿਭਦੀ ਨਹੀਂ। ਇਸ ਪਾਸਿਓਂ ਵੀ ਦਾਦਰ ਪੂਰੀ ਤਰ੍ਹਾਂ ਸੁਚੇਤ ਰਹਿ ਕੇ ਕਾਮਯਾਬੀ ਨਾਲ ਗ਼ਜ਼ਲ ਲਿਖ ਰਿਹਾ ਹੈ। ਦੇਖੋ:

ਜਿੱਤਣਾ ਤੇ ਹਾਰਨਾ ਤਾਂ ਜ਼ਿੰਦਗੀ ਦੀ ਰੀਤ ਹੈ,
'ਹਾਰ' ਨੂੰ ਪਰ ਤੂੰ ਗਲੇ ਦਾ 'ਹਾਰ' ਨਾ ਕਰ ਦੋਸਤਾ! (ਰਦੀਫ਼ "ਨਾ ਕਰ ਦੋਸਤਾ!")

ਤੇਰੀ ਤਸਵੀਰ ਦਿਲ ਵਿਚ ਵਸਾਈ ਹੈ ਮੈਂ, ਉਸ ਖ਼ੁਦਾ ਦੀ ਖ਼ੁਦਾਈ ਭੁਲਾਈ ਹੈ ਮੈਂ,
ਮਰ-ਮਿਟੀ ਮੈਂ ਤੇਰੇ 'ਤੇ ਮੇਰੇ ਮਹਿਰਮਾ, ਮਰ-ਮਿਟੀ ਨੂੰ ਮਿਟਾਉਣਾ ਬੁਰੀ ਗੱਲ ਹੈ।
(ਰਦੀਫ਼ "ਬੁਰੀ ਗੱਲ ਹੈ।")

• **ਲੰਮੀਆਂ ਬਹਿਰਾਂ-** ਲੰਮੀਆਂ ਬਹਿਰਾਂ ਵਿਚ ਲਿਖਣਾ ਮੁਸ਼ਕਿਲ ਇਸ ਵਾਸਤੇ ਹੈ ਕਿ ਬਹੁਤ ਲੰਮੀ ਗੱਲ ਕਰਦਿਆਂ ਗ਼ਲਤੀਆਂ ਹੋ ਜਾਣ ਦੀਆਂ ਸੰਭਾਵਨਾ ਜ਼ਿਆਦਾ ਹੋ ਜਾਂਦੀਆਂ ਹਨ।ਪਰ ਲੰਮੀ ਬਹਿਰ ਵਿੱਚ ਕਾਫ਼ੀ ਵੱਡੀ ਗੱਲ ਬੜੀ ਆਸਾਨੀ ਨਾਲ ਕਹਿ ਹੋ ਜਾਂਦੀ ਹੈ।ਜਿਹੜੇ ਸ਼ਾਇਰਾਂ ਕੋਲ ਉਮਦਾ ਖ਼ਿਆਲਾਂ ਦੀ ਭਰਮਾਰ ਹੋਵੇ ਉਹ ਲੰਮੀ ਬਹਿਰ ਵਿੱਚ ਗ਼ਜ਼ਲ ਕਹਿਣਾ ਹੀ ਪਸੰਦ ਕਰਦੇ ਹਨ।

ਦਾਦਰ ਵੀ ਆਮ ਤੌਰ 'ਤੇ ਲੰਮੀ ਬਹਿਰ ਹੀ ਇਸਤੇਮਾਲ ਕਰਦਾ ਹੈ ਅਤੇ ਉਸ ਨੂੰ ਬਾ-ਖ਼ੂਬੀ ਨਿਭਾ ਵੀ ਲੈਂਦਾ ਹੈ।ਜਿਵੇਂ ਕਿ:

ਢਾਰਿਆਂ ਵਿਚ ਜੋ ਰਹਿੰਦੇ ਨੇ, ਇਹਨਾਂ ਨੇ ਵੀ, ਖ਼ਾਬ ਮਹਿਲਾਂ ਦੇ ਵੇਖੇ ਬੜੇ ਹੋਣਗੇ।
ਵਕਤ ਨੇ ਸਾਥ ਇਹਨਾਂ ਦਾ ਦਿੱਤਾ ਨਹੀਂ, ਜੰਗ ਹਕ ਦੀ ਤਾਂ ਇਹ ਵੀ ਲੜੇ ਹੋਣਗੇ।

• **ਮੁਸਤਜ਼ਾਦ ਗ਼ਜ਼ਲ:** ਲੰਮੀ ਬਹਿਰ ਵਿੱਚ ਲਿਖਣ ਵਾਲੇ ਅਤੇ ਸ਼ਿਅਰਾਂ ਵਿੱਚ ਬਾਦਲੀਲ ਵੱਡੀਆਂ ਵੱਡੀਆਂ ਗੱਲ ਕਹਿਣ ਦੇ ਸ਼ੌਕੀਨ ਸ਼ਾਇਰਾਂ ਦੀ ਤਬੀਅਤ ਕਈ ਵਾਰ ਬਣੀ ਬਣਾਈ ਲੰਮੀ ਬਹਿਰ ਨਾਲ ਵੀ ਨਹੀਂ ਭਰਦੀ।ਉਹ ਚਾਲੂ ਬਹਿਰ ਦੇ ਨਾਲ ਉਸ ਬਹਿਰ ਦੇ ਕੁਝ ਹੋਰ ਰੁਕਨ ਜੋੜ ਕੇ ਉਸ ਨੂੰ ਸਵਾਈ ਜਾਂ ਡਿਓਢੀ ਕਰ ਲੈਂਦੇ ਹਨ।ਐਸੀ ਵਧਾਈ ਹੋਈ ਗ਼ਜ਼ਲ ਨੂੰ "ਮੁਸਤਜ਼ਾਦ ਗ਼ਜ਼ਲ" ਕਹਿੰਦੇ ਹਨ।ਦਾਦਰ ਨੇ ਮੁਸਤਜ਼ਾਦ ਗ਼ਜ਼ਲਾਂ ‘ਤੇ ਵੀ ਖ਼ੂਬ ਹੱਥ ਆਜ਼ਮਾਇਆ ਹੈ।ਮੁਲਾਹਿਜ਼ਾ ਫ਼ੁਰਮਾਈਏ:

ਇਸ ਗੁਲਿਸਤਾਂ ਦਾ ਮਾਲੀ, ਪਤਝੜ ਨੂੰ ਕਹਿ ਰਿਹਾ ਹੈ, "ਖ਼ੁਸ਼ ਆਮਦੀਦ ! ਆ ਜਾ !!
ਮਹਿਕਾਂ ਖਿੜਾਉਣਗੇ ਫਿਰ, ਏਥੇ ਗੁਲਾਬ ਕਿੱਦਾਂ ? ਇਹ ਗੱਲ ਸਮਝ ਨਾ ਆਵੇ।

• **ਬਹੁ-ਕਾਫ਼ੀਆ-ਗ਼ਜ਼ਲ:** ਆਮ ਤੌਰ 'ਤੇ ਖੁੱਲ੍ਹੀ ਕਵਿਤਾ ਦੇ ਸ਼ਾਇਰ ਕਹਿੰਦੇ ਹਨ ਕਿ ਬਹਿਰ/ ਵਜ਼ਨ ਅਤੇ ਕਾਫ਼ੀਆ ਸ਼ਾਇਰ ਵਾਸਤੇ ਖ਼ਿਆਲ ਵਿਅਕਤ ਕਰਨ ਦੇ ਰਾਹ ਦਾ ਰੋੜਾ ਬਣਦੇ ਹਨ। ਇਹ ਵਿਚਾਰਾਂ ਦਾ ਕਤਲ ਕਰ ਦਿੰਦੇ ਹਨ।ਪਰ ਇਹ ਢਕਵੰਜ ਉਸ ਸਮੇਂ ਝੂਠਾ ਸਾਬਤ ਹੋ ਜਾਂਦਾ ਹੈ ਜਦ ਮਿਹਨਤੀ ਕਲਾ ਦੀ ਸਾਰ ਜਾਨਣ ਵਾਲੇ ਸ਼ਾਇਰ ਸਹੀ ਵਜ਼ਨ, ਸਹੀ ਕਾਫ਼ੀਏ ਅਤੇ ਰਦੀਫ਼ਾਂ ਨੂੰ ਨਿਭਾਉਂਦੇ ਹੋਏ ਉਹਨਾਂ ਨਾਲੋਂ ਉਮਦਾ ਖ਼ਿਆਲ ਆਪਣੇ ਸ਼ਿਅਰਾਂ ਵਿਚ ਵਿਅਕਤ ਕਰ ਜਾਂਦੇ ਹਨ।ਜਿੱਥੇ ਕਮਚੋਰ ਸ਼ਾਇਰ ਇੱਕ ਕਾਫ਼ੀਆ ਨਿਭਾਉਣਾ ਵੀ ਬੰਧਨ ਸਮਝਦੇ ਹਨ।ਉੱਥੇ ਸੱਚੇ ਤੇ ਸਿਰੜੀ ਕਲਮਕਾਰ ਹਰ ਸ਼ਿਅਰ ਵਿਚ ਦੋ-ਦੋ, ਤਿੰਨ-ਤਿੰਨ, ਚਾਰ-ਚਾਰ ਹੀ ਨਹੀਂ ਛੇ-ਛੇ ਕਾਫ਼ੀਏ ਵੀ ਨਿਭਾ ਕੇ ਆਪਣੀ ਕਾਲ ਦੇ ਜੌਹਰ ਦਿਖਾਉਂਦੇ ਨਜ਼ਰ ਆਉਂਦੇ ਹਨ।ਦਾਦਰ ਦੀ ਛੇ-ਕਾਫ਼ੀਆਂ ਵਾਲੀ ਗ਼ਜ਼ਲ ਦੇ ਸ਼ਿਅਰ ਸਿਰਫ਼ ਵੰਨਗੀ ਦੇ ਤੌਰ 'ਤੇ ਪੇਸ਼ ਹਨ।

ਦਿਲਬਰ ਪਿਆਰੇ, ਸਾਥ ਗੁਜ਼ਾਰੇ, ਉਹ ਪ.ਲ ਸਾਰੇ, ਭੁੱਲਦੇ ਨਹੀਂ,
ਕਸਮਾਂ-ਦਾਅਵੇ, ਪਿਆਰ-ਛਲਾਵੇ, ਯਾਦ ਕਰਾਵੇ, ਯਾਦ ਤੇਰੀ।

ਜੇ ਨਈਂ ਆਉਣਾ, ਖ਼ਤ ਨਈਂ ਪਾਉਣਾ, ਤੈਂ ਤੜਪਾਉਣਾ, ਇਸੇ ਤਰ੍ਹਾਂ,
ਫਿਰ ਕਿਉਂ ਆਵੇ, ਭਰੇ ਕਲਾਵੇ, ਪਿਆਰ ਜਤਾਵੇ, ਯਾਦ ਤੇਰੀ ?

ਇਸੇ ਤਰ੍ਹਾਂ ਦਾਦਰ ਨੇ ਗ਼ਜ਼ਲ ਦੀ ਸਿਨਫ਼ ਵਿੱਚ ਕਈ ਹੋਰ ਤਜ਼ੁਰਬੇ ਕਰਕੇ ਇਸ ਸਿਨਫ਼ ਨੂੰ ਹੋਰ ਵੀ ਬੁਲੰਦੀਆਂ 'ਤੇ ਲੈ ਜਾਣ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ।

ਦਾਦਰ ਪੰਡੋਰਵੀ ਨੇ ਜਿੱਥੇ 'ਦੀਪਕ ਗ਼ਜ਼ਲ ਸਕੂਲ' ਅਤੇ 'ਸੰਧੂ ਗ਼ਜ਼ਲ ਸਕੂਲ' ਦੀ 'ਸਾਦਗੀ' ਦੀ ਵਿਰਾਸਤ ਨੂੰ ਸੰਭਾਲ ਕੇ ਰੱਖਿਆ ਹੈ।ਉਸ ਦੀ ਗ਼ਜ਼ਲ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਦੀ ਇਸ ਕਸੌਟੀ 'ਤੇ ਬਾ-ਖ਼ੂਬੀ ਪੂਰੀ ਉੱਤਰਦੀ ਹੈ ਕਿ, "ਸ਼ਿਅਰ ਦੀ ਖ਼ੂਬਸੂਰਤੀ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਸ਼ਿਅਰ ਫਸੀਹ ਹੋਵੇ, ਯਾਨੀ ਖ਼ੁਸ਼-ਬਿਆਨ ਹੋਵੇ, ਖ਼ੂਬਸੂਰਤ ਢੰਗ ਨਾਲ ਬਿਆਨ



ਕੀਤਾ ਗਿਆ ਹੋਵੇ, ਸਾਦੀ ਨਿੱਤ ਦੀ ਵਰਤੋਂ ਦੀ ਅਤੇ ਬਾ-ਮੁਹਾਵਰਾ ਜ਼ੁਬਾਨ ਵਰਤੀ ਗਈ ਹੋਵੇ।ਹਰ ਸ਼ਬਦ ਬੜੇ ਸਲੀਕੇ ਨਾਲ ਆਪਣੀ ਥਾਂ 'ਤੇ ਰੱਖਿਆ ਗਿਆ ਹੋਵੇ, ਉਲਝਣ ਨਾ ਸ਼ਬਦਾਂ ਵਿੱਚ ਹੋਵੇ ਤੇ ਨਾ ਹੀ ਅਰਥਾਂ ਵਿੱਚ, ਸਕਤਾ-ਸੁਕਮ ਅਤੇ ਐਬਾਂ ਤੋਂ ਪਾਕ ਹੋਵੇ, ਫੇਰ ਸ਼ਿਅਰ ਵਿੱਚ ਬਲਾ.ਗਤ ਹੋਵੇ, ਯਾਨੀ ਅਰਥ ਸਪਸ਼ਟ ਹੋਣ, ਪਾਠਕ ਜਾ ਸਰੋਤੇ ਨੂੰ ਲੁਗ਼ਾਤ (ਡਿਕਸ਼ਨਰੀ) ਦਾ ਸਹਾਰਾ ਨਾ ਲੈਣਾ ਪਵੇ।"

ਇਸ ਦੇ ਨਾਲ ਨਾਲ ਉਸ ਨੇ ਆਪਣੇ ਖ਼ਿਆਲਾਂ ਦਾ ਪ੍ਰਗਟਾਅ ਕਰਦੇ ਸਮੇਂ ਆਪਣੇ ਕਲਾਮ ਵਿੱਚ ਅਨੇਕ ਪ੍ਰਕਾਰ ਦੇ ਹੀਰੇ ਜਵਾਹਰਾਤ ਦੀ ਮੀਨਾਕਾਰੀ ਵੀ ਕੀਤੀ ਹੈ ਜਿਸ ਨਾਲ ਉਸ ਦੀਆਂ ਗ਼ਜ਼ਲਾਂ ਅਤਿਅੰਤ ਮਨ-ਮੋਹਕ ਸੂਰਤ ਧਾਰਨ ਕਰ ਗਈਆਂ ਹਨ।ਉਸ ਦੇ ਕਲਾਮ ਵਿੱਚ ਖ਼ੂਬਸੂਰਤ ਅਲੰਕਾਰ ਅਤੇ ਹੋਰ ਕਾਵਿ-ਖ਼ੂਬੀਆਂ ਇਸ ਕਦਰ ਨਮੂਦਾਰ ਹੁੰਦੀਆਂ ਹਨ ਜਿਵੇਂ ਬਾਰਸ਼ ਤੋਂ ਬਾਅਦ ਨਿੰਬਲ ਆਸਮਾਨ ਵਾਲੀ ਰਾਤ ਨੂੰ ਤਾਰੇ ਜਾਂ ਕਿਸੇ ਨਾਜ਼ਨੀ ਦੀ ਚੁੰਨੀ ਤੇ ਲਗਾਏ ਹੋਏ ਸਤਾਰੇ।ਆਉ ਜ਼ਰਾ ਦਾਦਰ ਦੀ ਗ਼ਜ਼ਲ ਦੀਆਂ ਇਹਨਾਂ ਖ਼ੂਬਸੂਰਤੀਆਂ ਵੱਲ ਵੀ ਨਜ਼ਰ ਮਾਰੀਏ।

**• ਤਕਰਾਰ ਲਫ਼ਜ਼ੀ (ਪੁਨਰ-ਆਵਰਤੀ ਅਲੰਕਾਰ):**

ਜਦ ਕਿਸੇ ਸ਼ਿਅਰ ਵਿੱਚ ਇਕ ਹੀ ਲਫ਼ਜ਼ ਕਦੀ ਵਾਰ ਦੂਹਰਾ ਕੇ ਸ਼ਿਅਰ ਵਿੱਚੋ ਜੋ ਸੁੰਦਰਤਾ ਪੈਦਾ ਹੁੰਦੀ ਹੈ ਉਸ ਨੂੰ 'ਤਕਾਰਾਰ-ਲਫ਼ਜ਼ੀ' (ਪੁਨਰ-ਆਵਰਤੀ ਅਲੰਕਾਰ) ਕਹਿੰਦੇ ਹਨ।ਜਿਵੇਂ-

ਜਦ ਹੌਲੀ ਹੌਲੀ ਉਸ ਨੂੰ, ਮੈਂ ਦਿਲ ਦਾ ਹਾਲ ਦੱਸਿਆ,
ਹੁੰਦੇ ਗਏ ਸੁਰਖ਼ ਉਸ ਦੇ, ਰੁਖ਼ਸਾਰ ਹੌਲੀ ਹੌਲੀ।

'ਜ਼ਖ਼ਮ' ਨੂੰ 'ਫੁੱਲ' ਆਖ ਕੇ, ਧੋਖਾ ਨਾ ਕਰ ਲੋਕਾਂ ਦੇ ਨਾਲ,
'ਜ਼ਖ਼ਮ' ਨੂੰ ਤੂੰ 'ਜ਼ਖ਼ਮ' ਲਿਖ, ਤੇ ਜ਼ਖ਼ਮ ਦਾ ਉਪਚਾਰ ਲਿਖ !

• **ਵ੍ਰਿਤੀ ਅਲੰਕਾਰ:** ਇਹ ਵੀ ਪੁਨਰ-ਆਵਰਤੀ ਅਲੰਕਾਰ ਵਰਗਾ ਹੀ ਇੱਕ ਅਲੰਕਾਰ ਹੈ ਪਰ ਇਸ ਵਿਚ ਪੂਰਾ ਲਫ਼ਜ਼ ਨਹੀਂ ਦੁਹਰਾਇਆ ਜਾਂਦਾ ਸਗੋਂ ਲਫ਼ਜ਼ ਦੇ ਕੁਝ ਅੰਤਲੇ ਅੱਖਰ ਜਾਂ ਲਗਾਂ ਹੀ ਦੁਹਰਾਈਆਂ ਜਾਂਦੀਆਂ ਹਨ।ਇਹ ਵੀ ਕਲਾਮ ਵਿੱਚ ਅਜੀਬ ਖ਼ੂਬਸੂਰਤੀ ਪੈਦਾ ਕਰ ਦਿੰਦਾ ਹੈ।ਜਿਵੇਂ-

ਪਿਆਰ ਲਿਖ, ਸਤਿਕਾਰ ਲਿਖ, ਅਧਿਕਾਰ ਲਿਖ, ਲਲਕਾਰ ਲਿਖ !
ਜ਼ਿੰਦਗੀ ਦੀ ਆਰਜ਼ੂ ਦੇ ਸੱਚ ਦੇ ਅਨੁਸਾਰ ਲਿਖ। ('ਰ ਲਿਖ' ਦੀ ਪੁਨਰ-ਆਵਿਰਤੀ)

**ਤਜਨੀਸ (ਯਮਕ ਅਲੰਕਾਰ):** 'ਤਕਰਾਰ-ਲਫ਼ਜ਼ੀ' ਉਸ ਵੇਲੇ 'ਤਜਨੀਸ' (ਯਮਕ-ਅਲੰਕਾਰ) ਦਾ ਰੂਪ ਲੈ ਲੈਂਦਾ ਜਦੋਂ ਇਸ ਸ਼ਿਅਰ ਵਿੱਚ ਦੁਹਰਾਏ ਜਾਣ ਵਾਲੇ ਲਫ਼ਜ਼ ਹਰ ਵਾਰ ਆਪਣਾ ਅਰਥ ਬਦਲ ਬਦਲ ਕੇ ਆਉਂਣ।ਜਿਵੇਂ ਕਿ:

ਯਾ 'ਖ਼ੁਦਾ!' ਮੈਨੂੰ 'ਮੇਰਾ ਖ਼ੁਦਾ' ਦੇ ਮਿਲਾ, ਮੇਰੇ ਦਿਲ ਦੀ ਤੂੰ ਸੁਣ ਲੈ 'ਸਦਾ' ਲਈ 'ਸਦਾ',
ਭਾਵੇਂ ਬਰਬਾਦ ਕੀਤੈ ਉਨ੍ਹੇਂ ਮੈਨੂੰ ਪਰ, ਘਰ ਉਦ੍ਹੇ ਬਿਨ ਵਸਾਉਣਾ ਬੁਰੀ ਗੱਲ ਹੈ।

**ਅੰਤ-ਅਨੁਪ੍ਰਾਸ:** ਜਦੋਂ ਕਿਸੇ ਸ਼ਿਅਰ ਦੀ ਤੁਕ ਦੇ ਅੰਤ ਅਤੇ ਉਸ ਦੇ ਅਰਧ-ਤੁਕਾਂਤ ਵਾਲੀ ਥਾਂ ਕੋਈ ਐਸੇ ਲਫ਼ਜ਼ ਆ ਜਾਣ ਜਿਹਨਾਂ ਦੇ ਅੰਤਲੇ ਕੁਝ ਅੱਖਰ ਜਾਂ ਲਾਗਾਂ ਆਪਸ ਵਿਚ ਕਾਫ਼ੀਏ ਵਾਂਗ ਮੇਲ ਖਾਂਦੀਆਂ ਹੋਣ ਤਾਂ ਉਹ ਨੂੰ 'ਅੰਤ-ਅਨੁਪ੍ਰਾਸ' ਕਿਹਾ ਜਾਂਦਾ ਹੈ।ਇਹ ਅਨੁਪ੍ਰਾਸ ਗ਼ਜ਼ਲ ਦੇ ਬਹੁ-ਕਾਫ਼ੀਆ-ਗ਼ਜ਼ਲ ਹੋਣ ਦਾ ਪ੍ਰਭਾਵ ਦਿੰਦਾ ਹੈ।ਜਿਵੇਂ ਕਿ:

ਜਾਮ-ਜ਼ੁਲਫ਼ਾਂ ਦੀ ਜੰਮ-ਜੰਮ ਕਹੋ ਦਾਸਤਾਂ, ਦਰਦ ਮਜਦੂਰ ਦੇ ਨੂੰ ਵੀ ਦੇਵੋ ਜ਼ੁਬਾਂ,
ਜੇ ਤੁਸੀਂ ਵੀ ਨਾ ਕਵੀਓ, ਇਨ੍ਹਾਂ ਸੰਗ ਖੜੇ, ਸੋਚੋ ਕਿੱਥੇ ਇਹ ਜਾ ਕੇ ਖੜੇ ਹੋਣਗੇ ?

• **ਜਮਅ:** ਸ਼ਾਇਰ ਦੇ ਕਲਾਮ ਵਿੱਚ ਇਹ ਗੁਣ (ਅਲੰਕਾਰ) ਉਦੋਂ ਪੈਦਾ ਹੁੰਦਾ ਹੈ ਜਦੋਂ ਉਹ ਇੱਕ ਹੀ ਸ਼ਿਅਰ ਜਾਂ ਇੱਕ ਹੀ ਮਿਸਰੇ ਵਿਚ ਆਪਸ ਵਿਚ ਸਬੰਧਤ ਕਿੰਨੇ ਸਾਰੇ ਹੀ ਲਫ਼ਜ਼ ਇਕੱਠੇ (ਜਮਾਂ)ਕਰ ਦੇਵੇ।ਇਹ ਗੁਣ ਲੰਮੇ ਅਭਿਆਸ ਅਤੇ ਪ੍ਰਮਾਤਮਾ ਵੱਲੋਂ ਬਖ਼ਸ਼ੀ ਪ੍ਰਤਿਭਾ ਦਾ ਹੀ ਕਾਮਲ ਹੋ ਸਕਦਾ ਹੈ।ਦਾਦਰ ਦੀ ਗ਼ਜ਼ਲ ਵਿੱਚ ਇਸ ਦੀਆਂ ਵੰਨਗੀਆਂ ਆਮ ਦੇਖਣ ਨੂੰ ਮਿਲ ਜਾਂਦੀਆਂ ਹਨ।ਜਿਵੇਂ:

"ਫ਼ਿਕਰ, ਉਦਾਸੀ, ਹੰਝੂ, ਹੌਕੇ, ਪੀੜਾਂ, ਗ਼ਮ, ਤਨਹਾਈ",
ਪਿਆਰ ਹਾਰ ਹੈ ਕੰਡਿਆਂ ਦਾ, ਕਿੰਝ ਤੇਰੇ ਗਲ ਪਹਿਨਾਵਾਂ?

"ਸੂਰਜ, ਬੱਦਲ, ਚੰਦ, ਸਿਤਾਰੇ, ਅੰਬਰ" 'ਤੇ ਹੀ ਹੈਨ ਸੁਰੱਖਿਅਤ,
ਲੋਕਾਂ ਵੇਚ ਕੇ ਖਾ ਜਾਣੇ ਸੀ, ਜੇ ਕਰ ਇਹ ਵੀ ਹੁੰਦੇ ਥੱਲੇ।

**• ਤਸ਼ਬੀਹ: (ਰੂਪਕ-ਅਲੰਕਾਰ)** ਰੂਪਕ ਅਲੰਕਾਰ ਸ਼ਾਇਰੀ ਦਾ ਉਹ ਜ਼ੇਵਰ ਹੈ ਜਿਸ ਨਾਲ ਸ਼ਾਇਰੀ ਦੀ ਸ਼ਾਨ ਤਾਂ ਵਧਦੀ ਹੀ ਹੈ ਨਾਲ ਦੀ ਨਾਲ ਸ਼ਾਇਰ ਦੇ ਸਾਇਰਾਨਾ ਅੰਦਾਜ਼ ਦੀ ਵੀ ਪਰਖ ਹੋ ਜਾਂਦੀ ਹੈ।ਇਸ ਅਲੰਕਾਰ ਅਨੁਸਾਰ ਕਿਸੇ ਚੀਜ਼ ਨੂੰ ਕਿਸੇ ਦੂਜੀ ਚੀਜ਼ ਵਰਗਾ ਦੱਸਿਆ ਜਾਂਦਾ ਹੈ।ਇਸ ਵਿੱਚ ਜੇ ਉਪਮੇਅ (ਜਿਸ ਦੀ ਤੁੱਲਣਾ ਕੀਤੀ ਗਈ ਹੋਵੇ) ਉਪਮਾਨ (ਜਿਸ ਨਾਲ ਤੁੱਲਣਾ ਕੀਤੀ ਹੋਵੇ) ਦਾ ਹੂ-ਬ-ਹੂ ਰੂਪ ਹੋਵੇ ਤਾਂ ਇਸ ਨੂੰ **"ਅਭੇਦ-ਰੂਪਕ-ਅਲੰਕਾਰ"** ਕਿਹਾ ਜਾਂਦਾ ਹੈ।ਜਿਵੇਂ-

ਮੇਰੇ ਸੂਰਜ, ਤੇਰੇ ਬਾਝੋਂ ਮੇਰਾ ਜੀਵਨ ਹਨੇਰਾ ਹੈ,
ਇਹ ਤਾਰੇ ਚੰਦ ਜੁਗਨੂੰ ਵੀ ਕਦੇ ਪਰਭਾਤ ਕਰਦੇ ਨੇ ?

('ਮੇਰੇ ਸੂਰਜ' ਵਿੱਚ ਸ਼ਾਇਰ ਦਾ ਮਹਿਬੂਬ ਸੂਰਜ ਦਾ ਰੂਪ ਹੀ ਲੱਗਦਾ ਹੈ।)

ਪਰ ਜੇ ਉਪਮੇਅ ਉਪਮਾਨ ਵਰਗਾ ਤਾਂ ਦੱਸਿਆ ਜਾਵੇ ਪਰ ਉਸ ਦਾ ਹੂ-ਬ-ਹੂ ਰੂਪ ਨਾ ਹੋਵੇ ਤਾਂ ਇਸ ਨੂੰ **"ਤੱਦ-ਰੂਪ ਰੂਪਕ-ਅਲੰਕਾਰ"** ਕਿਹਾ ਜਾਂਦਾ ਹੈ।ਇੱਕ ਉਦਾਹਰਣ-

ਗੁਬਾਰੇ ਵਾਂਗ ਮੈਂ ਫਟ ਕੇ ਜ਼ਮੀਂ 'ਤੇ ਆ ਕੇ ਡਿੱਗਾਂਗਾ,
ਹਵਾ ਦੇ ਵਾਂਗ ਮਿਲਿਆ ਏ ਉਨ੍ਹਾਂ ਦਾ ਆਸਰਾ ਮੈਨੂੰ।

(ਮੈਂ ਗੁਬਾਰ ਨਹੀਂ ਹਾਂ ਪਰ ਗੁਬਾਰੇ ਵਾਂਗ ਹਾਂ।ਉਹਨਾਂ ਦਾ ਆਸਰਾ ਹਵਾ ਦਾ ਆਸਰਾ ਨਹੀਂ ਸਗੋਂ ਹਵਾ ਦੇ ਆਸਰੇ ਵਰਗਾ ਹੀ ਹੈ।)

**• ਈਰਾਦ-ਉਲ-ਮਿਸਲ: (ਮੁਹਾਵਰਾ) ਲਕੋਕਤੀ-ਅਲੰਕਾਰ:**

ਜਦੋ ਸ਼ਾਇਰ ਆਪਣੇ ਵਿਚਾਰ ਦੀ ਵਿਅਕਤ ਕਰਦੇ ਸਮੇਂ ਭਾਸ਼ਾ ਦੇ ਮੁਹਾਵਰੇ ਜਾਂ ਲੋਕ-ਉਕਤੀਆਂ (ਲਕੋਕਤੀਆਂ) ਦਾ ਇਸਤੇਮਾਲ ਕਰਦਾ ਹੈ ਤਾਂ ਉਹ "ਲਕੋਕਤੀ-ਅਲੰਕਾਰ" ਦੀ ਹੀ ਸਿਰਜਣਾ ਕਰ ਰਿਹਾ ਹੁੰਦਾ ਹੈ।ਇਹ ਗੁਣ ਕਿਸੇ ਵੀ ਸ਼ਾਇਰ ਦੀ ਭਾਸ਼ਾ ਪ੍ਰਤੀ ਮਜਬੂਤ ਪਕੜ ਦਰਸਾਉਂਦਾ ਹੈ।ਮੁਹਾਵਰਿਆ ਦੀ ਸੁਯੋਗ ਵਰਤੋਂ ਦਾਦਰ ਦੀ ਸ਼ਾਇਰੀ ਦਾ ਪ੍ਰਮੁੱਖ ਗੁਣ ਹੈ।

ਨਾ "ਗੋਡੇ ਰਗੜ ਕੇ ਮਰਦੇ" ਬੁਢਾਪੇ ਵਿਚ ਅਸੀਂ ਯਾਰੋ,
ਜਵਾਨੀ ਦੀ ਕਮਾਈ ਕੁਝ ਬਚਾ ਲੈਂਦੇ ਤਾਂ ਚੰਗਾ ਸੀ।

ਝਗੜਾ ਇਹ ਆਪਣਾ ਹੈ, ਆ ਬਹਿ ਕੇ ਹੱਲ ਕਰ,
ਲੋਕੀਂ ਤਾਂ ਚਾਹੁੰਦੇ ਨੇ ਕਿ "ਅੱਗ ਨੂੰ ਹਵਾ ਮਿਲੇ"।

**• ਕੌਲ-ਬਿਲ-ਮੁਜਬ: (ਮੁਹਾਵਰੇ ਤੋਂ ਉਲਟ)**

ਕਿਸੇ ਸ਼ਾਇਰ ਵੱਲੋਂ ਜਦ ਕੋਈ ਗੱਲ ਪਰਚੱਲਤ ਮੁਹਾਵਰੇ ਤੋਂ ਉਲਟ ਕਹੀ ਅਤੇ ਸਾਬਤ ਕਰ ਦਿੱਤੀ ਜਾਵੇ ਤਾਂ ਉੱਥੇ "ਕੌਲੇ-ਬਿਲ-ਮੁਜਬ" ਦੀ ਖ਼ੂਬੀ ਪੈਦਾ ਹੋ ਜਾਂਦੀ ਹੈ।ਜਿਵੇਂ-

ਮੇਰੀ ਮਿਹਨਤ ਦੀ ਤਿਪ-ਤਿਪ 'ਤੇ, ਤੁਸੀਂ ਨਜ਼ਰਾਂ ਟਿਕਾਵੋ ਨਾ,
ਪਵੇਗਾ ਫ਼ਰਕ ਮੈਨੂੰ ਲਾਜ਼ਮੀ, ਸਾਗਰ ਨਹੀਂ ਹਾਂ ਮੈਂ।
("ਚਿੜੀ ਚੋਂਚ ਭਰ ਲੇ ਗਈ, ਨਦੀ ਨਾ ਘਟਿਓ ਨੀਰ" ਦੀ ਤਰਕ-ਪੂਰਨ ਵਿਰੋਧਤਾ।)

**• ਤਲਮੀਹ: (ਇਤਿਹਾਸਕ ਇਸ਼ਾਰੇ)**

ਸ਼ਾਇਰ ਜਦੋਂ ਆਪਣੀ ਗੱਲ ਕਰਦਿਆਂ ਹੋਇਆਂ ਗੁਜ਼ਰੇ ਜ਼ਮਾਨੇ ਦੀਆਂ ਇਤਿਹਾਸਿਕ ਘਟਨਾਵਾਂ ਦਾ ਸਰਸਰੀ ਜਿਹਾ ਜ਼ਿਕਰ ਕਰਦਾ ਹੈ ਤਾਂ ਉਸ ਦੇ ਕਥਨ ਵਿੱਚ ਹੋਰ ਪੁਖ਼ਤਗੀ ਆ ਜਾਂਦੀ ਹੈ।ਇਤਿਹਾਸਿਕ ਇਸ਼ਾਰੇ ਦੇਣਾ ਜਿੱਥੇ ਇਤਿਹਾਸ ਦੀ ਗਹਿਰੀ ਜਾਣਕਾਰੀ ਦੀ ਮੰਗ ਕਰਦੇ ਹਨ ਉੱਥੇ ਇਸ ਵਾਸਤੇ ਸ਼ਾਇਰ ਦਾ ਸ਼ਾਇਰੀ ਉੱਤੇ ਆਲ੍ਹਾ ਦਰਜ਼ੇ ਦਾ ਅਬੂਰ ਹੋਣਾ ਵੀ ਲਾਜ਼ਮੀ ਬਣ ਜਾਂਦਾ ਹੈ।ਵੇਖੋ, ਦਾਦਰ ਆਪਣੇ ਸ਼ਿਅਰਾਂ ਵਿੱਚ ਕਿਵੇਂ ਇਤਿਹਾਸਿਕ ਇਸ਼ਾਰੇ ਕਰਦਾ ਨਜ਼ਰ ਆਉਂਦਾ ਹੈ:

ਨਸ਼ਾ ਕੁਰਸੀ ਦਾ ਬੰਦੇ ਨੂੰ ਬਣਾ ਦਿੰਦਾ ਏ ਕੀ ਤੋਂ ਕੀ,
ਕੋਈ ਵੀ ਜਨਮੋਂ ਔਰੰਗਾ ਅਤੇ ਹਿਟਲਰ ਨਹੀਂ ਹੁੰਦਾ।



**• ਤੇਵਰ: (ਵੀਪਸਾ ਅਲੰਕਾਰ) ਤਾਈਦ:**

'ਵੀਪਸਾ ਅਲੰਕਾਰ' ਜਾ 'ਤੇਵਰ' ਦੀ ਖ਼ੂਬੀ ਉੱਥੇ ਪੈਦਾ ਹੁੰਦੀ ਹੈ ਜਦੋਂ ਸ਼ਾਇਰ ਆਪਣੀ ਗੱਲ 'ਤੇ ਜ਼ੋਰ ਦੇਣ ਵਾਸਤੇ ਉਸ ਗੱਲ ਨੂੰ ਇੱਕ ਤੋਂ ਵੱਧ ਵਾਰ ਦੁਹਰਾਕੇ ਉਸ ਦੀ ਤਾਈਦ ਕਰੇ।ਜਿਵੇਂ ਹੇਠ ਲਿਖੇ ਸ਼ਿਅਰ ਵਿੱਚ ਦਾਦਰ ਨੇ "ਮੁਹੱਬਤ ਨਹੀਂ" ਨੂੰ ਦੁਹਰਾਅ ਕੇ ਇਸ 'ਤੇ ਜ਼ੋਰ ਦਿੱਤਾ ਹੈ।

ਹੋਰ ਕੀ ਹੈ, ਇਹ ਜੇ ਕਰ ਸ਼ਰਾਰਤ ਨਹੀਂ? ਹਾਂ ਮੁਹੱਬਤ ਨਹੀਂ ਇਹ ਮੁਹੱਬਤ ਨਹੀਂ,
ਆਜਮਾਉਣਾ ਜ਼ਰੂਰੀ ਹੈ ਯਾਰਾਂ ਨੂੰ ਪਰ, ਵਾਰ ਵਾਰ ਆਜਮਾਉਣਾ ਬੁਰੀ ਗੱਲ ਹੈ।

**• ਤੱਜਾਦ: (ਵਿਰੋਧਾਭਾਸ-ਅਲੰਕਾਰ):**

'ਤੱਜਾਦ' ਦਾ ਅਰਥ ਹੈ 'ਵਿਰੋਧ'।ਜਦੋਂ ਕਿਸੇ ਸ਼ਿਅਰ ਵਿੱਚ ਕੁਝ ਐਸੇ ਲਫ਼ਜ਼ ਵਰਤੇ ਜਾਣ ਜਿਹਨਾਂ ਦੇ ਅਰਥ ਇੱਕ ਦੂਜੇ ਦੇ ਵਿਰੋਧੀ ਹੋਣ ਤਾਂ ਉੱਥੇ 'ਤੱਜਾਦ' ਦੀ ਖ਼ੂਬੀ ਪੈਦਾ ਹੁੰਦੀ ਹੈ।ਵਿਰੋਧਾਭਾਸ ਵਾਲੇ ਲਫ਼ਜ਼ ਸ਼ਿਅਰ ਨੂੰ ਚੁਸਤ ਅਤੇ ਕਰਾਰਾ ਬਨਾਉਣ ਵਿੱਚ ਸਹਾਈ ਹੁੰਦੇ ਹਨ।ਜਿਵੇਂ ਨਿਮਨ-ਲਿਖਤ ਸ਼ਿਅਰ ਵਿੱਚ 'ਰੁਸਣਾ' ਅਤੇ 'ਮਨਾਉਣਾ' ਅਤੇ 'ਪਿਆਰ' ਅਤੇ 'ਗੁੱਸਾ' ਤੱਜਾਦ ਦੀ ਦੂਹਰੀ ਖ਼ੂਬੀ ਪੈਦਾ ਕਰ ਰਹੇ ਹਨ।

ਵੇਖੀਂ ਮਨਾਉਣ ਲੱਗਿਆਂ, ਉਸ ਨੂੰ ਰੁਸਾ ਨਾ ਬੈਠੀਂ,
ਅਜ-ਕਲ੍ਹ ਉਹ ਪਿਆਰ ਦਾ ਵੀ, ਗੁੱਸਾ ਮਨਾ ਰਹੇ ਨੇ।

ਜਿਵੇਂ ਕਿ ਦਾਦਰ ਦੀਆਂ ਗ਼ਜ਼ਲਾਂ ਦਾ ਮੁਤਾਲਿਆ ਕਰਦਿਆਂ ਅਸੀਂ ਵੇਖ ਆਏ ਹਾਂ ਕਿ ਉਸ ਦੇ ਕਲਾਮ ਵਿਚ ਸ਼ਾਇਰੀ ਨੂੰ ਚਾਰ ਚੰਨ ਲਾਉਣ ਵਾਲੀਆਂ ਸਾਰੀਆਂ ਹੀ ਖ਼ੂਬੀਆਂ ਵੱਡੀ ਮਾਤਰਾ ਵਿੱਚ ਮੌਜੂਦ ਹਨ।ਉਸ ਦੇ ਸ਼ਿਅਰਾਂ ਵਿਚ 'ਨਫ਼ਾਸਤ' ਹੈ।ਉਸ ਨੇ ਬੜੇ ਸਾਫ-ਸੁਥਰੇ ਵਲਵਲੇ ਬੜੇ ਹੀ ਖ਼ੂਬਸੂਰਤ ਢੰਗ ਨਾਲ ਵਿਅਕਤ ਕੀਤੇ ਹਨ।ਪਰੌੜ ਅਤੇ ਫ਼ਲਸਫ਼ਈ ਸ਼ਿਅਰ ਉਸ ਦੇ ਕਲਾਮ ਵਿੱਚ ਆਮ ਮਿਲ ਰਹੇ ਹਨ।ਇਹ ਉੱਚੇ ਦਰਜ਼ੇ ਦੇ ਖ਼ਿਆਲ ਉਸ ਦੀ ਗ਼ਜ਼ਲ ਨੂੰ 'ਬਲਾਗਤ' ਦੇ ਗੁਣ ਦੀ ਧਾਰਨੀ ਬਣਾਉਂਦੇ ਹਨ।ਦਾਦਰ ਗ਼ਜ਼ਲ ਦੇ ਸੁਭਾਅ ਨੂੰ ਬਾ-ਖ਼ੂਬੀ ਪਹਿਚਾਣਦਾ ਹੈ ਇਸੇ ਲਈ ਉਸ ਦੇ ਕਲਾਮ ਵਿੱਚ ਗ਼ਜ਼ਲੀਅਤ (ਤੁਗ਼ਜ਼ਲ) ਦਾ ਗੁਣ ਪੂਰੀ ਜਵਾਨੀ ਵਿੱਚ ਹੈ।ਨਾਜ਼ਾਂ-ਪਲੀ ਉਸ ਦੀ ਗ਼ਜ਼ਲ ਅੱਜ ਦੀਆਂ ਤਲਖ਼ ਹਕੀਕਤਾਂ ਬਿਆਨਦੀ ਹੋਈ ਵੀ ਆਪਣੀ 'ਸਿਨਫ਼ੀ-ਨਜ਼ਾਕਤ' ਦਾ ਪੱਲਾ ਨਹੀਂ ਛੱਡਦੀ।ਉਸ ਦੀਆਂ ਗ਼ਜ਼ਲਾਂ ਪੜ੍ਹਦਿਆਂ ਪਾਠਕ ਇੱਕ ਅਜੀਬ ਕਿਸਮ ਦਾ ਮਜ਼ਾ ਲੈ ਰਿਹਾ ਹੁੰਦਾ ਹੈ, ਲੁਤਫ਼-ਅੰਦੋਜ਼ ਹੋ ਰਿਹਾ ਹੁੰਦਾ ਹੈ।ਲਤਾਫ਼ਤ ਦਾ ਇਹ ਗੁਣ ਅੱਜ ਕੱਲ ਦੀ ਸ਼ਾਇਰੀ ਵਿੱਚ ਬੜਾ ਘੱਟ ਮਿਲਦਾ ਹੈ ਪਰ ਦਾਦਰ ਦੀ ਗ਼ਜ਼ਲ ਇਸ ਖ਼ੂਬੀ ਨਾਲ ਵੀ ਲਬਾ-ਲਬ ਹੈ।

ਦਾਦਰ ਨੂੰ ਗੱਲ ਕਰਨੀ ਆਉਂਦੀ ਹੈ ਤੇ ਉਹ ਜਾਣਦਾ ਹੈ ਕਿ ਆਪਣੀ ਗੱਲ ਨੂੰ ਕਿਵੇਂ ਵੱਧ ਤੋਂ ਵੱਧ ਅਸਰਦਾਰ ਤਰੀਕੇ ਨਾਲ ਪੇਸ਼ ਕਰਨਾ ਹੈ।ਇਸ ਵਾਸਤੇ ਉਹ ਮੁਹਾਵਰੇ, ਦਲੀਲਾਂ, ਇਸ਼ਾਰੇ, ਅਲੰਕਾਰ ਤੇ ਢੁਕਵੇਂ ਸ਼ਬਦ ਦਾ ਪ੍ਰਯੋਗ ਕਰਦਾ ਹੋਇਆ ਇੱਕ ਹੰਢਿਆ-ਵਰਤਿਆ ਪ੍ਰੌੜ ਸ਼ਾਇਰ ਹੋਣ ਦਾ ਦਮ ਭਰਦਾ ਹੈ।ਉਸ ਦੀ ਸ਼ਾਇਰੀ ਸੱਚ ਦੀ ਪਰਚਾਰਕ, ਸੁੰਦਰਤਾ ਦੀ ਪੁਜਾਰਨ ਅਤੇ ਸਦਾ ਜੀਵਤ ਰਹਿਣ ਵਾਲੀ ਹੈ।ਇਸੇ ਲਈ ਉਸ ਦਾ ਕਲਾਮ ਸੱਤਿਅਮ ਵੀ ਹੈ, ਸ਼ਿਵਮ ਵੀ ਹੈ ਅਤੇ ਸੁੰਦਰਮ ਵੀ ਹੈ।

ਮੈਂ ਆਪਣੇ ਹੋਣਹਾਰ ਸ਼ਾਗਿਰਦ 'ਦਾਦਰ ਪੰਡੋਰਵੀ' ਨੂੰ ਉਸ ਦੀ ਇਸ ਪ੍ਰਾਪਤੀ 'ਤੇ ਦਿਲੀ ਮੁਬਾਰਕਬਾਦ ਵੀ ਦਿੰਦਾ ਹਾਂ ਤੇ ਉਸ ਦਾ ਆਭਾਰੀ ਵੀ ਹਾਂ ਜਿਸ ਨੇ ਮੇਰੇ ਮਿਸ਼ਨ ਨੂੰ ਅੱਗੇ ਤੁਰਦੇ ਰਹਿਣ ਦੀ ਗਰੰਟੀ ਵਰਗਾ ਵਿਸ਼ਵਾਸ ਵੀ ਬੰਨ੍ਹਾਇਆ ਹੈ।ਪਰ ਅਜੇ ਉਸ ਨੇ ਹੋਰ ਮੰਜ਼ਿਲਾਂ ਸਰ ਕਰਨੀਆਂ ਹਨ ਇਸ ਲਈ ਮੈਂ ਉਸ ਦੀ ਲਗਾਤਾਰ ਕਾਮਯਾਬੀ ਲਈ ਦੁਆ ਕਰਦਾ ਹੋਇਆ ਉਹਦੇ ਪਲੇਠੇ ਗ਼ਜ਼ਲ-ਸੰਗ੍ਰਹਿ "ਅੰਦਰ ਦਾ ਸਫ਼ਰ" ਨੂੰ ਜੀ ਆਇਆਂ ਆਖਦਾ ਹਾਂ।

**ਅਮਰਜੀਤ ਸਿੰਘ 'ਸੰਧੂ'**
421- ਦਕੋਹਾ, ਜਲੰਧਰ-144023
ਫੋਨ.0181-2413099

## ♣ ਕੁਝ ਮੈਂ ਵੀ ਕਹਾਂ....

'ਅੰਦਰ ਦਾ ਸਫ਼ਰ' ਪੁਸਤਕ ਤੁਹਾਡੇ ਹੱਥਾਂ 'ਚ ਪਹੁੰਚਾ ਕੇ ਮੈਂ ਅੱਜ ਅਸੀਮ ਖ਼ੁਸ਼ੀ ਦਾ ਅਨੁਭਵ ਕਰ ਰਿਹਾ ਹਾਂ। ਜਿਸ ਤਰ੍ਹਾਂ ਕੋਈ ਵਿਦਿਆਰਥੀ ਆਪਣੀ ਪਹਿਲੀ ਪ੍ਰੀਖਿਆ ਵੇਲੇ ਘਬਰਾਹਟ ਜਿਹੀ ਮਹਿਸੂਸ ਕਰਦਾ ਹੈ, ਬੱਸ ਉਸੇ ਹਾਲਤ 'ਚੋਂ ਅੱਜ ਮੈਂ ਵੀ ਗੁਜ਼ਰ ਰਿਹਾ ਹਾਂ। ਲੇਕਿਨ ਪਰਚਿਆਂ-ਅਖ਼ਬਾਰਾਂ ਵਿਚ ਛਪਦੀਆਂ ਮੇਰੀਆਂ ਗ਼ਜ਼ਲਾਂ ਨੂੰ ਮਿਲਦੇ ਸੂਝਵਾਨ ਪਾਠਕਾਂ ਦੇ ਹੁੰਗਾਰੇ, ਉਸਤਾਦ ਜਨਾਬ ਅਮਰਜੀਤ ਸਿੰਘ ਸੰਧੂ ਸਾਹਿਬ ਦੀ ਮਿਹਨਤ ਅਤੇ ਯਾਰਾਂ ਦੋਸਤਾਂ ਦੀ ਹੱਲਾਸ਼ੇਰੀ ਸਦਕਾ ਮੈਂ ਅੱਜ ਇਸ ਮੁਕਾਮ 'ਤੇ ਪਹੁੰਚਿਆ ਹਾਂ ਕਿ ਪਿਛਲੇ ਇੱਕ ਦਹਾਕੇ ਵਿੱਚ ਲਿਖੀਆਂ ਆਪਣੀਆਂ ਗ਼ਜ਼ਲਾਂ ਨੂੰ ਕਿਤਾਬੀ ਰੂਪ ਵਿਚ ਤੁਹਾਡੇ ਰੂ-ਬ-ਰੂ ਕਰ ਸਕਾਂ।

ਮੇਰੀਆਂ ਗ਼ਜ਼ਲਾਂ ਦੀ ਇਹ ਪੁਸਤਕ ਸ਼ਾਇਦ ਅਜੇ ਹੋਰ ਕੁਝ ਦੇਰ ਤੁਹਾਡੇ ਮੁਬਾਰਕ ਹੱਥਾਂ ਤੱਕ ਨਾ ਪਹੁੰਚਦੀ। ਪਰ ਮੈਂ ਸ਼ੁਕਰਗੁਜ਼ਾਰ ਹਾਂ ਸ. ਜਗਦੀਸ਼ ਸਿੰਘ ਜੀ (ਮਾਲਿਕ, ਗੁਰੂ ਨਾਨਕ ਆਟੋ-ਇੰਟਰਪ੍ਰਾਈਜ਼ਜ਼, ਬੁੰਡਾਲਾ) ਦਾ ਜਿਨ੍ਹਾਂ ਨੇ ਮੇਰੀ ਮਾਇਕ ਤੌਰ 'ਤੇ ਸਹਾਇਤਾ ਕਰਕੇ ਮੇਰੇ 'ਅੰਦਰ ਦੇ ਸਫ਼ਰ' ਨੂੰ ਅਦਬੀ ਦੁਨੀਆਂ ਦੇ ਸਫ਼ਰ ਵਿੱਚ ਤਬਦੀਲ ਕਰ ਦੇਣ ਦਾ ਕ੍ਰਿਸ਼ਮਾ ਕਰ ਵਿਖਾਇਆ। ਮੈਨੂੰ ਲਿਖਣ ਦਾ ਸ਼ੌਕ ਨੌਵੀਂ-ਦਸਵੀਂ ਜਮਾਤ ਤੋਂ ਹੀ ਹੋ ਗਿਆ ਸੀ। ਸਕੂਲ ਸਮੇਂ ਮੈਂ ਆਪਣੇ ਪੰਜਾਬੀ ਅਧਿਆਪਕ ਸ. ਨਿਰੰਞਣ ਸਿੰਘ ਜੀ ਤੋਂ ਕੁਝ ਰਚਨਾਵਾਂ ਠੀਕ ਕਰਵਾਈਆਂ। ਫਿਰ ਡਿਪਲੋਮੇ ਦੀ ਪੜ੍ਹਾਈ ਸਮੇਂ ਪ੍ਰੋ. ਅਜੀਤ ਸਿੰਘ 'ਹਿਰਖੀ' ਜੀ ਨਾਲ ਮੇਰਾ ਸੰਪਰਕ ਬਣਿਆਂ। ਪਰ ਉਹ ਛੇਤੀ ਹੀ ਪਰਦੇਸ ਚਲੇ ਗਏ। ਇਸ ਕਲਾ ਨੂੰ ਜਗਾਈ ਰੱਖਣ ਲਈ ਮੈਂ ਜਨਾਬ ਮੁਹਿੰਦਰ 'ਸਾਥੀ' ਜੀ ਨਾਲ ਚਿੱਠੀ-ਪੱਤਰ ਰਾਹੀਂ ਰਾਬਤਾ ਕਾਇਮ ਕੀਤਾ। ਉਹਨਾਂ ਨੇ ਮੈਨੂੰ ਬਹੁਤ ਸਹਿਯੋਗਹੌਸਲਾ ਅਤੇ ਅਗਵਾਈ ਦਿੱਤੀ। ਹੌਲੀ-ਹੌਲੀ ਮੈਨੂੰ ਅਖ਼ਬਾਰਾਂ-ਰਸਾਲਿਆਂ ਨੇ ਛਾਪਣਾ ਸ਼ੁਰੂ ਕਰ ਦਿੱਤਾ।

ਐ ਜਾਣ ਵਾਲੇ! ਸੁਣ ਜਾ, ਇਕ ਗੱਲ ਮੇਰੀ ਖਲੋ ਕੇ।<br>
ਰਹੀਏ ਕਿਸੇ ਦੇ ਬਣ ਕੇ, ਚੱਲੀਏ ਕਿਸੇ ਦੇ ਹੋ ਕੇ।



ਜਨਾਬ ਦੀਪਕ ਜੈਤੋਈ ਸਾਹਿਬ ਦੇ ਇਸ ਸ਼ਿਅਰ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਕਿਉਂਕਿ ਮੈਂ ਉਨੀਂ ਦਿਨੀਂ ਕਦੇ-ਕਦੇ ਜਨਾਬ ਗੁਰਦਿਆਲ 'ਰੌਸ਼ਨ' ਜੀ ਅਤੇ ਜਨਾਬ ਅਮਰਜੀਤ ਸਿੰਘ ਸੰਧੂ ਸਾਹਿਬ ਤੋਂ ਵੀ ਗ਼ਜ਼ਲਾਂ ਇਸਲਾਹ ਕਰਵਾ ਲੈਂਦਾ ਸੀ। ਉਪਰੋਕਤ ਸ਼ਿਅਰ ਪੜ੍ਹਨ ਤੋਂ ਮਗਰੋਂ ਮੈਂ ਪੱਕੇ ਤੌਰ 'ਤੇ ਸੰਧੂ ਸਾਹਿਬ ਨੂੰ ਉਸਤਾਦ ਧਾਰ ਲਿਆ। ਉਹਨਾਂ ਨੇ ਮੈਨੂੰ ਗ਼ਜ਼ਲ-ਲੇਖਣ ਦੇ 'ੳ ਅ' ਤੋਂ ਸ਼ੁਰੂ ਕਰਕੇ ਇਸ ਮੁਕਾਮ ਤੱਕ ਪਹੁੰਚਾਇਆ ਹੈ ਕਿ ਹੁਣ ਮੈਂ ਆਪ ਜੀ ਦੇ ਪਿਆਰ ਨੂੰ ਆਪਣਾ ਹੱਕ ਸਮਝਣ ਦਾ ਅਧਿਕਾਰੀ ਹੋ ਨਿੱਬੜਿਆ ਹਾਂ।

ਮੇਰੇ ਘਰ ਤਾਂ ਕੀ, ਮੇਰੇ ਪਿੰਡ ਦਾ ਮਾਹੌਲ ਵੀ ਉੱਕਾ ਹੀ ਸਾਹਿਤਕ ਨਹੀਂ ਹੈ। ਪਰ ਸ਼ੁਕਰ ਹੈ ਵਾਹਿਗੁਰੂ ਦਾ ਕਿ ਮੇਰਾ ਦੋਸਤ ਦੇਵਰਾਜ 'ਦਿਲਬਰ' ਮੇਰਾ ਗਰਾਈਂ ਹੈ। ਅਸੀਂ ਇਕੱਠੇ ਹੀ ਪੜ੍ਹੇ-ਲਿਖੇ ਹਾਂ। ਮੈਂ ਆਪਣੀਆਂ ਪਹਿਲੀਆਂ ਰਚਨਾਵਾਂ ਵੀ ਦਿਲਬਰ ਨੂੰ ਹੀ ਵਿਖਾਉਂਦਾ ਰਿਹਾ ਹਾਂ ਤੇ ਹੁਣ ਵੀ ਕੋਈ ਰਚਨਾ ਰਚ ਕੇ ਪਹਿਲਾਂ ਉਸੇ ਨੂੰ ਹੀ ਵਿਖਾਉਂਦਾ ਹਾਂ। ਦਿਲਬਰ ਵੀ ਸੰਧੂ ਸਾਹਬ ਦਾ ਹੀ ਸ਼ਾਗਿਰਦ ਹੈ। ਸ਼ਿਅਰਾਂ ਬਾਰੇ ਉਸ ਦੀਆਂ ਟਿੱਪਣੀਆਂ ਵੀ ਮੇਰਾ ਮਾਰਗ-ਦਰਸ਼ਨ ਕਰਦੀਆਂ ਹਨ।

ਗ਼ਜ਼ਲ ਸਬੰਧੀ ਇਸ ਪ੍ਰਾਪਤੀ ਲਈ ਮੈਂ ਉਸਤਾਦ ਸਾਹਿਬ ਜਨਾਬ ਅਮਰਜੀਤ ਸਿੰਘ ਸੰਧੂ ਜੀ, ਕਰਤਾਰ ਸਿੰਘ ਕਾਲੜਾ, ਸ਼ੌਕਤ ਢੰਡਵਾੜਵੀ, ਸੁਸ਼ੀਲ ਦੁਸਾਂਝ, ਸਰਬਜੀਤ ਸਿੰਘ ਦਰਦੀ ਅਤੇ ਡਾ. ਗੁਰਚਰਨ ਸਿੰਘ ਸਾਕੀ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਸਮੇਂ-ਸਮੇਂ ਉਸਾਰੂ ਸੇਧ ਅਤੇ ਹੌਸਲਾ ਦਿੱਤਾ ਹੈ।

ਅੰਤ ਵਿੱਚ ਗ਼ਜ਼ਲ-ਪ੍ਰੇਮੀਆਂ ਤੋਂ ਇਹ ਆਸ ਕਰਦਾ ਹਾਂ ਕਿ ਉਹ 'ਅੰਦਰ ਦਾ ਸਫ਼ਰ' ਪੜ੍ਹ ਕੇ ਮੈਨੂੰ ਆਪਣੇ ਵਡ-ਮੁੱਲੇ ਵਿਚਾਰਾਂ ਤੋਂ ਜਾਣੂ ਕਰਵਾਉਣਗੇ ਤਾਂ ਕਿ ਮੈਂ ਅੱਗੇ ਤੋਂ ਹੋਰ ਵੀ ਸਤੱਰਕ ਹੋ ਕੇ ਲਿਖ ਸਕਾਂ।

ਤੁਹਾਡੇ ਸੁਝਾਵਾਂ ਦੀ ਉਡੀਕ ਵਿਚ,

ਦਾਦਰ ਪੰਡੋਰਵੀ

16-05-2004

ਪਿੰਡ ਤੇ ਡਾਕਘਰ- ਢੱਕ ਪੰਡੋਰੀ,<br>
ਤਹਿ- ਫਗਵਾੜਾ (ਕਪੂਰਥਲਾ)<br>
ਫ਼ੋਨ. 1824-250240<br>
98722 01650

# ਤਤਕਰਾ


| | | | |
|---|---|---|---|
| 1 | ਮੁਨਕਰ ਕੋਈ ਨਾ ਸੀ। | ਮੈਨੂੰ ਖ਼ਤ ਲਿਖੀਂ! | 41 |
| 2 | ਪਰਿੰਦਿਆਂ ਨੂੰ। | ਦੇਣਗੇ ਕੀ ਆਸਰਾ ਮੈਨੂੰ। | 42 |
| 3 | ਬੇਆਸਰਾ ਕਰਕੇ। | ਡਰ ਲਗਦਾ ਹੈ। | 43 |
| 4 | ਤਕਰਾਰ ਕਰਨੋ ਹਟ ਗਿਐ। | ਮੈਨੂੰ ਸਿਖਾ ਰਹੇ ਨੇ। | 44 |
| 5 | ਤਿੜਕਿਆ ਸ਼ੀਸ਼ਾ। | ਚੋਰ-ਬਜ਼ਾਰੀ ਚਲਦੀ ਹੈ। | 45 |
| 6 | ਤਾਂ ਚੰਗਾ ਸੀ। | ਸੌਗ਼ਾਤ ਵਰਗਾ ਖ਼ਤ ਲਿਖੀਂ! | 46 |
| 7 | ਖ਼ੁਸ਼ੀਆਂ ਦੇ ਸਿਰਨਾਵੇਂ। | ਸਿਰਨਾਵਾਂ ਪੱਲੇ। | 47 |
| 8 | ਕੋਈ ਨਹੀਂ। | ਮੁਨਕਰ ਨਹੀਂ ਹਾਂ ਮੈਂ। | 48 |
| 9 | ਰੌਸ਼ਨੀ ਸਮਝੋ! | ਸ਼ਾਮਿਲ ਨਹੀਂ। | 49 |
| 10 | ਫ਼ਿਲਮੀ ਸੱਭਿਆਚਾਰ। | ਨਜ਼ਰ ਰੱਖੋ! | 50 |
| 11 | ਕੋਈ ਗੱਲ ਛੁਪਾ ਰਹੇ ਨੇ। | ਤਿਲਮਿਲਾਏ ਬੜੇ। | 51 |
| 12 | ਮਾਯੂਸੀਆਂ, ਦੁਸ਼ਵਾਰੀਆਂ। | ਮਜਬੂਰੀਆਂ। | 52 |
| 13 | ਨਹੀਂ ਹੁੰਦਾ। | ਬਜ਼ਮ ਗਰਮਾਈ ਨਹੀਂ। | 53 |
| 14 | ਲੱਗੇ ਕਰਨ ਇਸ਼ਾਰੇ ਲੋਕ। | ਉਲਫ਼ਤ ਨਹੀਂ ਰਹੀ। | 54 |
| 15 | ਲੜੇ ਹੋਣਗੇ। | ਆਰਤੀ ਉਤਾਰ ਕੇ। | 55 |
| 16 | ਜਿਹੜੇ ਤਲਾਬ ਵਿਚ। | ਚੰਗਾ ਨਹੀਂ ਹੁੰਦਾ। | 56 |
| 17 | ਸ਼ੱਕ ਨਾ ਦੋਸਤਾ ਕਰੀਏ। | ਐ ਦਾਦਰ! | 57 |
| 18 | ਮੇਰੇ ਖ਼ਤ ਜਲਾ ਦੇ। | ਜ਼ਮਾਨਾ ਹੋਰ ਹੁੰਦਾ ਸੀ। | 58 |
| 19 | ਇਤਬਾਰ ਹੌਲੀ ਹੌਲੀ। | ਵਗਦੀ ਵਾਅ ਤੂਫ਼ਾਨੀ ਫੇਰ। | 59 |
| 20 | ਘੋਰ ਘਟਾਵਾਂ ਨਾਲ। | ਬਾਤ ਕਰਦੇ ਨੇ। | 60 |
| 21 | ਯਾਰ ਦਾ ਚਿਹਰਾ। | ਰੋ ਲਿਆ। | 61 |
| 22 | ਆਸ਼ਕਾਨਾ ਹੋ ਗਿਆ। | ਕੋਠੀਆਂ ਥਾਂ-ਥਾਂ। | 62 |
| 23 | ਦਿਨ-ਭਰ ਹੱਡ ਭੰਨਾਵਾਂ। | ਉੱਚੇ ਹੁੰਦੇ ਜਾਂਦੇ ਨੇ। | 63 |
| 24 | ਇਤਬਾਰ ਕੀਤਾ। | ਮਜ਼ਾ ਕੁਝ ਹੋਰ ਹੋ ਜਾਵੇ। | 64 |
| 25 | ਹੁਣ ਤਾਂ ਸਿਰਾ ਮਿਲੇ। | ਖਿੜਦੇ ਗੁਲਾਬ ਦਾ। | 65 |
| 26 | ਜਾ ਰਿਹੈ ਕੋਈ। | ਕਦੀ ਨਾ ਰੌਸ਼ਨੀ ਕਰਨਾ! | 66 |
| 27 | ਚਿਹਰਿਆਂ ਵਿੱਚੋਂ। | ਇਹ ਸਾਲ ਜਾਊ। | 67 |
| 28 | ਅੜਿੱਕੇ ਪਾਉਂਦੇ ਨੇ। | ਜਾਣਕਾਰੀ ਰੱਖ। | 68 |
| 29 | ਪਿਆਰ ਨਾ ਕਰ ਦੋਸਤਾ! | ਪਰਤ ਜਾਵਾਂਗਾ। | 69 |
| 30 | ਲਲਕਾਰ ਲਿਖ! | ਇਹ ਗੱਲ ਸਮਝ ਨਾ ਆਵੇ। | 70 |
| 31 | ਰੜਕਦੇ ਹਾਂ ਦੋਸਤੋ। | ਹੱਸਣਾ ਗਾਣਾ | 71 |
| 32 | ਅੰਗਾਰਿਆਂ ਦੇ ਨਾਲ। | ਲਗਾ ਲੈਂਦੇ ਨੇ ਲੋਕ | 72 |
| 33 | ਦਿਲਕਸ਼ੀ ਪੈਦਾ ਕਰੋ! | ਹੁੰਦੀ ਏ। | 73 |
| 34 | ਹੌਲੀ-ਹੌਲੀ ਭਰ ਗਏ। | ਸਮਾਨ ਉਠਾਈ ਫਿਰਦਾ ਹਾਂ। | 74 |
| 35 | ਪਾਲਦੇ ਨਫ਼ਰਤ। | ਯਾਰ ਮੇਰੇ ਨਾਲ ਹੈ। | 75 |
| 36 | ਫਲ, ਫੁੱਲ, ਛਾਵਾਂ। | ਸਤਾ-ਸਤਾ ਕੇ। | 76 |
| 37 | ਸਾਧੂਆਂ ਦੀ ਘਾਟ ਹੈ। | ਹੋਸ਼ ਭੁਲਾਵੇ ਯਾਦ ਤੇਰੀ। | 77 |
| 38 | ਬੁਰੀ ਗੱਲ ਹੈ। | ਭਲਾਈ ਨਈਂ ਜਾਂਦੀ। | 78-79 |
| 39 | ਮੇਰੇ ਨੇ ਬੜੇ ਮਿੱਤਰ। | ਸੁਣਾਵਾਂ ਕਿਵੇਂ? | 80-81 |
| 40 | ਅਹਿਸਾਨ ਢਾਰਿਆਂ ਦੇ। | ਦਿਖਾਈ ਦਿੰਦੀ ਹੈ। | 82 |




## ਇੱਕ

ਚਾਨਣ ਦੀ ਅਹਿਮੀਅਤ ਤੋਂ ਵੀ ਮੁਨਕਰ ਕੋਈ ਨ ਸੀ।
ਨੇੜ੍ਹੇ ਖ਼ਿਲਾਫ਼ ਬੋਲਦਾ, ਐਪਰ ਕੋਈ ਨ ਸੀ।

ਕੱਪੜੇ ਦੀ ਮਿੱਲ੍ਹ ਕੋਲ ਉਹ, ਠੰਡ ਨਾਲ ਮਰ ਗਿਆ,
ਉਸ 'ਤੇ ਬਗ਼ੈਰ ਕਫ਼ਨ ਤੋਂ, ਬਸਤਰ ਕੋਈ ਨ ਸੀ।

ਚਾਹੁੰਦਾ ਹੈ ਮੋਹਰੇ ਜਗ 'ਚ ਉਹ, ਅਪਣੀ ਪਸੰਦ ਦੇ,
ਮੇਰੀ ਨਜ਼ਰ 'ਚ ਉਸ ਜਿਹਾ, ਹਿਟਲਰ ਕੋਈ ਨ ਸੀ।

ਹੈਰਾਨ ਸਭ ਨੇ ਵੇਖ ਕੇ, ਗੁਲਸ਼ਨ 'ਚ ਰੌਣਕਾਂ,
ਦਿਸਦਾ ਬਹਾਰ ਆਉਣ ਦਾ, ਅਵਸਰ ਕੋਈ ਨ ਸੀ।

ਮੰਜ਼ਿਲ 'ਤੇ ਪੁਜ ਗਏ ਜਦੋਂ, ਰਹਿਬਰ ਕਈ ਮਿਲੇ,
ਰਸਤਾ ਜਦੋਂ ਪਤਾ ਨ ਸੀ, ਰਹਿਬਰ ਕੋਈ ਨ ਸੀ।

ਲੋਕਾਂ ਨੂੰ ਉਸ ਦਾ ਸੱਚ ਵੀ, ਚੁਭਦਾ ਰਿਹਾ ਸਦਾ,
ਪਰ ਮੇਰੇ ਹੱਕ 'ਚ ਓਸ ਤੋਂ, ਬਿਹਤਰ ਕੋਈ ਨ ਸੀ।

ਸਭ ਨੇ ਪਿਆਸ ਪਾਲ ਲਈ, ਐਵੇਂ ਫ਼ਜ਼ੂਲ ਵਿਚ,
ਦਿਸਦਾ ਕਿਤੇ ਵੀ ਦੂਰ ਤਕ, ਸਾਗਰ ਕੋਈ ਨ ਸੀ।

ਆ ਕੇ ਗ਼ਜ਼ਲ-ਅਦਬ 'ਚ ਮੈਂ, ਕੁਝ 'ਨਾਂ' ਕਮਾ ਲਿਐ,
ਵਰਨਾ ਤਾਂ ਮੈਨੂੰ ਜਾਣਦਾ, 'ਦਾਦਰ' ਕੋਈ ਨ ਸੀ।

•

## ਦੋ

ਪਿੰਜਰੇ 'ਚ ਕੈਦ ਕਰਕੇ, ਰੱਖਣ ਪਰਿੰਦਿਆਂ ਨੂੰ।
ਉੱਡਣਾ ਸਿਖਾ ਰਹੇ ਨੇ, ਕੁਝ ਲੋਕ ਬੰਦਿਆਂ ਨੂੰ।

ਖਾ ਜਾਣਗੇ ਨਹੀਂ ਤਾਂ, ਇਹ ਰੁੱਖ ਪੌਦਿਆਂ ਨੂੰ।
ਰੁੱਖਾਂ ਦੀ ਛਾਂ ਦੇ ਹੇਠਾਂ, ਰੱਖੋ ਨਾ ਗ਼ਮਲਿਆਂ ਨੂੰ।

ਮੰਜ਼ਿਲ ਨਹੀਂ ਮਿਲੀ ਪਰ, ਫਿਰ ਵੀ ਖ਼ੁਸ਼ੀ ਬੜੀ ਹੈ,
ਚੱਲ ਜਾਣ ਤਾਂ ਲਿਆ ਹੈ, ਮੰਜ਼ਿਲ ਦੇ ਰਸਤਿਆਂ ਨੂੰ।

ਗ਼ੈਰਾਂ ਤੇ ਅਪਣਿਆਂ ਵਿਚ, ਹੈ ਫ਼ਾਸਿਲਾ ਜ਼ਰੂਰੀ,
ਨਾ ਕੋਲ-ਕੋਲ ਰੱਖੋ, ਪੱਥਰਾਂ ਤੇ ਸ਼ੀਸ਼ਿਆਂ ਨੂੰ।

ਗ਼ਮਲੇ ਦੀ ਕੈਦ ਵਿਚ ਉਹ, ਪਿੱਪਲ ਉਗਾ ਰਹੇ ਨੇ,
ਪਿੰਜਰੇ 'ਚ ਦੱਸ ਰਹੇ ਨੇ, ਉੱਡਣਾ ਪਰਿੰਦਿਆਂ ਨੂੰ।

ਬਿਜਲੀ ਦੇ ਬਲਬ ਐਦਾਂ, ਹੋਏ ਘਰਾਂ 'ਤੇ ਕਾਬਜ਼,
ਲੋਕਾਂ ਭੁਲਾ ਹੀ ਦਿੱਤੈ, ਮਿੱਟੀ ਦੇ ਦੀਵਿਆਂ ਨੂੰ।

ਇਕ ਆਲ੍ਹਣੇ ਲਈ ਵੀ, ਛੱਡੀ ਨਾ ਥਾਂ ਘਰਾਂ ਵਿਚ,
ਹੁਣ ਤਰਸ ਵੀ ਰਹੇ ਹਾਂ, ਚਿੜੀਆਂ ਦੇ ਨਗ਼ਮਿਆਂ ਨੂੰ।

ਤੇਰੇ ਨਗਰ ਦੇ ਲੋਕੀਂ, ਕੀ ਕਰ ਰਹੇ ਨੇ ਵੇਖੀਂ!
ਹਿੱਕ 'ਤੇ ਸਜਾ ਰਹੇ ਨੇ, ਚੋਰੀ ਦੇ ਤਗ਼ਮਿਆਂ ਨੂੰ।

ਆਇਆ ਅਖ਼ੀਰ ਵੇਲਾ, ਜਾਣਾ ਪਵੇਗਾ 'ਦਾਦਰ',
ਰੋਕੇਗਾ ਕੌਣ ਟੁੱਟਣੋਂ, ਟਾਹਣੀ ਤੋਂ ਪੱਤਿਆਂ ਨੂੰ।

•



## ਤਿੰਨ

ਜਿਨ੍ਹਾਂ ਉੱਤੇ ਭਰੋਸਾ ਸੀ, ਗਏ ਬੇਆਸਰਾ ਕਰਕੇ।
ਹਮੇਸ਼ਾ ਸਾਂਭਿਆ ਗ਼ੈਰਾਂ ਨੇ ਮੈਨੂੰ, ਆਪਣਾ ਕਰਕੇ।

ਅਸਰ ਕੁਝ ਇਸ ਤਰ੍ਹਾਂ ਕੀਤੈ, ਮੇਰੇ ਦਿਲ 'ਤੇ ਤੂੰ ਐ ਜ਼ਾਲਿਮ,
ਜਫ਼ਾ ਤੇਰੀ ਨੂੰ ਵੀ ਭੋਲਾ ਸਮਝਦਾ ਹੈ ਵਫ਼ਾ ਕਰਕੇ।

ਉਨ੍ਹਾਂ ਨੂੰ ਹੱਕ ਹੈ ਕੀ, ਜ਼ਿੰਦਗੀ ਦੇ ਅਰਥ ਦੱਸਣ ਦਾ,
ਜਿਨ੍ਹਾਂ ਨੇ ਜ਼ਿੰਦਗੀ ਨੂੰ ਸਮਝਿਆ ਹੈ ਬੁਲਬੁਲਾ ਕਰਕੇ।

ਦੁਆ ਕਰਦਾ ਹਾਂ ਮੈਂ ਤਾਂ ਉਸ ਲਈ ਵੀ ਲੰਮੀ ਉਮਰਾ ਦੀ,
ਫਿਰੇ ਜੋ ਜਾਨ ਮੇਰੀ ਲੈਣ ਨੂੰ, ਤਿੱਖਾ ਛੁਰਾ ਕਰਕੇ।

ਹਰਿਕ ਰਾਹ ਤੇ, ਹਰਿਕ ਹੀ ਮੋੜ ਉੱਤੇ ਹਾਦਸਾ ਮਿਲਿਐ,
ਕਿ ਜੋ ਸਾਨੂੰ ਗਿਐ ਢੰਗ ਠੀਕ ਚੱਲਣ ਦਾ ਅਤਾ ਕਰਕੇ।

ਸਵੱਲੇ ਨੇ ਇਹ ਫਿਰ ਵੀ, ਜ਼ਿੰਦਗੀ ਲਾ ਕੇ ਜੇ ਮਿਲ ਜਾਵਣ,
ਇਹ ਤੇਰੇ ਪਿਆਰ ਦੇ ਪਲ਼, ਤੇਰੀ ਪੂਜਾ-ਅਰਚਨਾ ਕਰਕੇ।

ਲਗਨ-ਮਿਹਨਤ ਨੇ ਵੀ ਬੇਸ਼ਕ ਹੈ ਮੇਰਾ ਸਾਥ ਦਿੱਤਾ ਪਰ,
ਮਿਲੀ ਮੰਜ਼ਿਲ ਇਹ ਮੈਨੂੰ ਰਹਿਨੁਮਾ ਸੰਗ ਰਾਬਤਾ ਕਰਕੇ।

ਗਿਲਾ-ਸ਼ਿਕਵਾ ਕਿਸੇ ਦੇ ਨਾਲ ਹੁਣ 'ਦਾਦਰ' ਨੇ ਕੀ ਕਰਨੈ,
ਮੁਹੱਬਤ ਕੀਤੀ ਸੀ ਉਸ ਕਦ ਕਿਸੇ ਸੰਗ ਮਸ਼ਵਰਾ ਕਰਕੇ।

ਉਦ੍ਹੇ ਹੱਥਾਂ 'ਚ ਰੱਟਣ ਨੇ, ਉਦ੍ਹੇ ਪੈਰਾਂ 'ਚ ਛਾਲੇ ਹਨ,
ਇਹ ਹੀਰੇ ਪਾਏ ਨੇ 'ਦਾਦਰ' ਨੇ ਲੋਕਾਂ ਤੋਂ ਵਫ਼ਾ ਕਰਕੇ।

•

## ਚਾਰ

ਹੁਣ ਸਤਾਉਣੋਂ ਬੇਵਜ੍ਹਾ ਤਕਰਾਰ ਕਰਨੋ ਹਟ ਗਿਐ।
ਜਾਪਦਾ ਏ ਹੁਣ ਉਹ ਮੈਨੂੰ ਪਿਆਰ ਕਰਨੋ ਹਟ ਗਿਐ।

ਆਦਮੀ ਘਰ ਦਾ ਕੋਈ ਹੈ ਮਿਲ ਗਿਆ ਦੁਸ਼ਮਣ ਦੇ ਨਾਲ,
ਹੁਣ ਉਹ ਸਿੱਧੇ ਮੇਰੇ ਉੱਤੇ ਵਾਰ ਕਰਨੋ ਹਟ ਗਿਐ।

ਹੋ ਗਿਆ ਹੈ ਗ਼ੈਰ ਦਾ ਦਿਲ, ਹੁਣ ਨਹੀਂ ਅਪਣਾ ਰਿਹਾ,
ਆਪਣੇ ਦਿਲ ਦਾ ਵੀ ਦਿਲ, ਇਤਬਾਰ ਕਰਨੋ ਹਟ ਗਿਐ।

ਜਾਉ ਜੇ ਕਰ ਜਾ ਰਹੇ ਹੋ, ਰੋਕਣਾ ਆਪਾਂ ਵੀ ਨਈਂ,
ਸ਼ੈਅ ਬਿਗ਼ਾਨੀ ਤੇ ਇਹ ਦਿਲ, ਅਧਿਕਾਰ ਕਰਨੋ ਹਟ ਗਿਐ।

ਗ਼ੈਰ ਦੇ ਘਰ ਜਾਂਦਾ ਹੈ ਉਹ, ਮੇਰੇ ਘਰ ਦੇ ਮੋਹਰਿਓਂ,
ਚੂੜੀਆਂ ਦੀ ਤਾਂ ਹੀ ਉਹ, ਛਣਕਾਰ ਕਰਨੋ ਹਟ ਗਿਐ।

ਪਿਆਰ ਇਕ-ਦੂਜੇ ਨੂੰ ਜਦ ਤੋਂ ਕਰਨ ਲੱਗੇ ਹਾਂ ਅਸੀਂ,
ਪਿਆਰ ਸਾਡੇ ਨਾਲ ਕਿਉਂ, ਸੰਸਾਰ ਕਰਨੋ ਹਟ ਗਿਐ?

ਨਾਲ ਤੇਰੇ ਸੀ ਮੁਹੱਬਤ, ਹੁਣ ਵੀ ਹੈ, ਰਹਿਣੀ ਵੀ ਹੈ,
ਪਿਆਰ ਦਾ 'ਦਾਦਰ' ਮਗਰ ਇਜ਼ਹਾਰ ਕਰਨੋ ਹਟ ਗਿਐ।

•



## ਪੰਜ

ਬਚਾ ਕੇ ਪੋਟਿਆਂ ਨੂੰ ਰਖ, ਕਿ ਇਹ ਹੈ ਤਿੜਕਿਆ ਸ਼ੀਸ਼ਾ।
ਕਰੀਂ ਨਾ ਰੋਸ ਫਿਰ ਹੱਡਾਂ 'ਚ, ਜੇ ਕਰ ਲਹਿ ਗਿਆ ਸ਼ੀਸ਼ਾ।

ਜੇ ਚੋਟਾਂ ਸਹਿ ਗਿਆ ਹਸਕੇ, ਤਾਂ ਲੋਕਾਂ ਨੇ ਕਿਹਾ, 'ਪੱਥਰ',
ਜੇ ਟੁਟਕੇ ਬਿਖਰਿਆ ਤਾਂ ਸਾਰਿਆਂ ਨੇ ਆਖਿਆ, 'ਸ਼ੀਸ਼ਾ'।

ਤਮੰਨਾ ਸੀ ਬੜੇ ਚਿਰ ਦੀ, ਮੈਂ ਉਸ ਦੇ ਰੂ-ਬ-ਰੂ ਹੋਵਾਂ,
ਮਗਰ ਹਿੰਮਤ ਨਹੀਂ ਹੁੰਦੀ, ਜਦੋਂ ਦਾ ਵੇਖਿਆ ਸ਼ੀਸ਼ਾ।

ਕਿਸੇ ਨੇ ਚੋਟ ਕੀ ਲਾਈ, ਉਹ ਟੁਟ ਕੇ ਹੋ ਗਿਆ ਟੁਕੜੇ,
ਮੇਰੇ ਵਾਂਗੂੰ ਹੀ ਅੰਦਰੋਂ ਕੱਚ ਵਰਗਾ ਨਿਕਲਿਆ ਸ਼ੀਸ਼ਾ।

ਤੁਹਾਡੇ ਸਾਰਿਆਂ ਹੱਥੀਂ, ਉਦੋਂ ਪੱਥਰ ਹੀ ਪੱਥਰ ਸਨ,
ਕਿ ਸਭ ਕੁਝ ਵੇਖਦੇ ਹੋਏ ਵੀ ਕੁਝ ਨਾ ਬੋਲਿਆ ਸ਼ੀਸ਼ਾ।

ਨਗਰ ਮੇਰੇ ਤੋਂ ਐ ਰੱਬਾ, ਇਹ ਮੰਜ਼ਰ ਦੂਰ ਹੀ ਰੱਖੀਂ,
ਬੁਝੇ ਦੀਵੇ, ਸਮੁੰਦਰ ਖ਼ੁਸ਼ਕ, 'ਨੇਰ੍ਹਾ, ਤਿੜਕਿਆ ਸ਼ੀਸ਼ਾ।

ਹਰਿਕ ਬੰਦੇ 'ਚ ਹੀ ਲੱਖਾਂ-ਹਜ਼ਾਰਾਂ ਐਬ ਹੁੰਦੇ ਨੇ,
ਕਿਸੇ ਦੀ ਹੋਂਦ ਹੁੰਦੀ ਨਈਂ, ਨਿਰਾ ਸੋਨਾ, ਨਿਰਾ ਸ਼ੀਸ਼ਾ।

ਕਿ ਭੁੱਖੇ ਪੇਟ ਦਾ ਇਹ ਕਾਰਨਾਮਾ ਵੇਖ ਚੁੱਕੇ ਹਾਂ,
ਉਹ ਇਸ ਨੂੰ ਸਮਝ ਕੇ ਰੋਟੀ, ਫਟਾਫਟ ਖਾ ਗਿਆ ਸ਼ੀਸ਼ਾ।

ਕਿ ਠੋਕਰ ਜ਼ਿੰਦਗੀ ਦੀ ਝੱਲਦਾ ਹੈ ਨਿਤ ਨਵੀਂ 'ਦਾਦਰ',
ਤੁਸੀਂ ਸਭ ਗ਼ਲਤ ਸਮਝੇ ਹੋ, ਜੇ ਉਸ ਨੂੰ ਸਮਝਿਆ ਸ਼ੀਸ਼ਾ।

•

## ਛੇ

ਹਵਾ ਜੇ ਦਿਲ ਦੇ ਜ਼ਖ਼ਮਾਂ ਨੂੰ ਲਵਾ ਲੈਂਦੇ ਤਾਂ ਚੰਗਾ ਸੀ।
ਕਿਸੇ ਨੂੰ ਹਾਲ ਇਸ ਦਿਲ ਦਾ ਸੁਣਾ ਲੈਂਦੇ ਤਾਂ ਚੰਗਾ ਸੀ।

ਗਿਲਾ-ਸ਼ਿਕਵਾ ਕੋਈ ਹੁੰਦਾ ਨਾ ਸਾਨੂੰ ਬਿਜਲੀਆਂ ਉੱਤੇ,
ਨਸ਼ੇਮਨ ਆਪਣਾ ਆਪੇ ਜਲਾ ਲੈਂਦੇ ਤਾਂ ਚੰਗਾ ਸੀ।

ਜ਼ਰੂਰੀ ਤਾਂ ਨਹੀਂ ਹੁੰਦਾ ਕਿ ਨਿਕਲਣ ਬੇਵਫ਼ਾ ਸਾਰੇ,
ਕਿਸੇ ਦਿਲਬਰ ਨੂੰ ਅਪਣਾ ਦਿਲ ਬਣਾ ਲੈਂਦੇ ਤਾਂ ਚੰਗਾ ਸੀ।

ਖੁਲਾਸਾ ਖੋਲ੍ਹਦੇ ਦਿਲ ਦਾ, ਘਟਾਉਂਦੇ ਦੂਰੀਆਂ, ਲੇਕਿਨ,
ਅਜੇ ਕੁਝ ਹੋਰ ਦਿਨ ਉਸ ਨੂੰ ਸਤਾ ਲੈਂਦੇ ਤਾਂ ਚੰਗਾ ਸੀ।

ਬੁਰੀ ਗੱਲ ਤਾਂ ਨਹੀਂ ਕੋਈ, ਕਿਸੇ ਨੂੰ ਮੀਤ ਚੁਣ ਲੈਣਾ,
ਮਗਰ ਕੁਝ ਦੇਰ ਉਸ ਨੂੰ ਆਜ਼ਮਾ ਲੈਂਦੇ ਤਾਂ ਚੰਗਾ ਸੀ।

ਨਾ ਗੋਡੇ ਰਗੜ ਕੇ ਮਰਦੇ, ਬੁਢਾਪੇ ਵਿਚ ਅਸੀਂ ਯਾਰੋ,
ਜਵਾਨੀ ਦੀ ਕਮਾਈ ਕੁਝ ਬਚਾ ਲੈਂਦੇ ਤਾਂ ਚੰਗਾ ਸੀ।

ਉਹ ਸੁਪਨੇ ਵਿਚ ਹੀ ਵਾਅਦਾ ਪੂਰਾ ਕਰਕੇ ਤੁਰ ਤਾਂ ਨਾ ਜਾਂਦੇ,
ਅਸੀਂ ਜੇ ਰਾਤ ਅੱਖਾਂ ਵਿਚ ਬਿਤਾ ਲੈਂਦੇ ਤਾਂ ਚੰਗਾ ਸੀ।

ਇਕੱਲਾਪਨ ਤਾਂ ਨਾ ਮਹਿਸੂਸ ਹੁੰਦਾ ਓਸ ਦੇ ਬਾਝੋਂ,
ਜੇ ਉਸ ਦੀ ਯਾਦ ਨੂੰ ਸਾਥਣ ਬਣਾ ਲੈਂਦੇ ਤਾਂ ਚੰਗਾ ਸੀ।

ਮੁਹੱਬਤ ਰਾਸ ਆ ਜਾਣੀ ਸੀ, 'ਦਾਦਰ' ਦੀ ਅਮੀਰਾਂ ਨੂੰ,
ਗਰੀਬੀ ਆਪਣੀ ਜੇਕਰ ਛੁਪਾ ਲੈਂਦੇ ਤਾਂ ਚੰਗਾ ਸੀ।

•



## ਸੱਤ

ਕਿੱਥੋਂ ਢੂੰਡਣ ਚੱਲੀਏ ਯਾਰੋ! ਖ਼ੁਸ਼ੀਆਂ ਦੇ ਸਿਰਨਾਵੇਂ।
ਇਸ਼ਕ ਤਾਂ ਸਾਨੂੰ ਦੇ ਗਿਆ, ਦੁੱਖਾਂ, ਗ਼ਮੀਆਂ ਦੇ ਸਿਰਨਾਵੇਂ।

ਕੁੜੀਆਂ ਚੰਗੇ ਨੰਬਰ ਲੈ ਕੇ ਕਰਦੀਆਂ ਪਾਸ ਜਮਾਤਾਂ,
ਮੁੰਡਿਆਂ ਨੂੰ ਬਸ ਚੇਤੇ ਰਹਿ ਗਏ, ਕੁੜੀਆਂ ਦੇ ਸਿਰਨਾਵੇਂ।

ਮਹਿਕਾਂ ਵੰਡਦੇ ਬਾਗ਼ ਨੂੰ ਉਸ ਨੇ, ਹੱਥੀਂ ਅੱਗਾਂ ਲਾਈਆਂ,
ਹੁਣ ਉਹ ਪੁੱਛ ਰਿਹਾ ਏ ਫੁੱਲਾਂ, ਕਲੀਆਂ ਦੇ ਸਿਰਨਾਵੇਂ।

ਇਹ ਲੋਕਾਂ ਦੇ ਦਿਲ ਵਿਚ ਐਸੀ ਜਗ੍ਹਾ ਬਣਾ ਲੈਂਦੇ ਨੇ,
ਸਾਰੀ ਉਮਰ ਨਹੀਂ ਭੁੱਲਦੇ ਫਿਰ ਕਵੀਆਂ ਦੇ ਸਿਰਨਾਵੇਂ।

ਜੋ ਸਾਡੇ ਦਿਲ ਵਿਚ ਵੱਸਦਾ ਹੈ, ਨਜ਼ਰੋਂ ਦੂਰ ਨਾ ਹੋਵੇ,
ਹਾਇ ਸਿਤਮ! ਉਹ ਭੁੱਲਿਆ ਸਾਡੀਆਂ ਗਲੀਆਂ ਦੇ ਸਿਰਨਾਵੇਂ।

ਮੁਰਝਾਈਆਂ ਤੇ ਮਿੱਧੀਆਂ ਕਲੀਆਂ ਕਦ ਭੌਰਾਂ ਨੂੰ ਭਾਈਆਂ,
ਚੇਤੇ ਨਹੀਂ ਕੋਈ ਰੱਖਦਾ ਜੋਬਨ-ਢਲੀਆਂ ਦੇ ਸਿਰਨਾਵੇਂ।

ਪੈਸੇ ਤਾਂ ਨਹੀਂ ਇਸ 'ਚੋਂ ਮਿਲਣੇ, ਮਿਲਣਗੀਆਂ ਕਵਿਤਾਵਾਂ,
ਜਾਂ ਮੇਰੇ ਬਟੂਏ 'ਚੋਂ ਮਿਲਣੇ ਕਵੀਆਂ ਦੇ ਸਿਰਨਾਵੇਂ।

ਉਸ ਦੀ ਇੰਤਜ਼ਾਰ ਵਿਚ ਐਵੇਂ ਵਕਤ ਨਾ ਕਰ ਤੂੰ ਜ਼ਾਇਆ,
ਅਜ-ਕਲ੍ਹ ਸਾਂਭੀ ਫਿਰਦਾ ਹੈ ਉਹ ਕਈਆਂ ਦੇ ਸਿਰਨਾਵੇਂ।

ਜੇ 'ਦਾਦਰ' ਤੂੰ ਸ਼ਾਇਰ ਬਣਕੇ ਨਾਮ ਕਮਾਉਣਾ ਚਾਹੁੰਨੈਂ,
ਗ਼ਜ਼ਲਾਂ ਰਾਹੀਂ ਦੱਸ ਤੂੰ ਸੋਚਾਂ ਨਵੀਆਂ ਦੇ ਸਿਰਨਾਵੇਂ।

•

## ਅੱਠ

ਜ਼ਿੰਦਗੀ ਵਿਚ ਮੌਤ ਵਰਗਾ ਹਾਦਸਾ ਕੋਈ ਨਹੀਂ।
ਮੌਤ ਤੋਂ ਡਰਦਾ ਨਹੀਂ ਜੋ, ਉਸ ਜਿਹਾ ਕੋਈ ਨਹੀਂ।

ਆਪਣੇ ਵਿਚਕਾਰ ਬੇਸ਼ਕ ਫ਼ਾਸਲਾ ਕੋਈ ਨਹੀਂ।
ਪਰ ਦਿਲਾਂ ਵਿਚਕਾਰ ਤਾਂ ਵੀ ਰਾਬਤਾ ਕੋਈ ਨਹੀਂ।

ਪੰਜ ਸਾਲਾਂ ਪਿੱਛੋਂ ਇੱਥੇ ਬਦਲਦਾ ਹੈ ਹੁਕਮਰਾਨ,
ਪਰ ਮੁਕੱਦਰ ਲੋਕਤਾ ਦਾ ਬਦਲਦਾ ਕੋਈ ਨਹੀਂ।

ਹੁਣ ਸੰਗੀਨਾਂ ਦਾ ਹੈ ਮੌਸਮ, ਰਾਈਫਲਾਂ ਦਾ ਦੌਰ ਹੈ,
ਬੱਚਾ ਵੀ ਹੁਣ ਛੁਣਛੁਣੇ ਸੰਗ ਖੇਡਦਾ ਕੋਈ ਨਹੀਂ।

ਸ਼ਾਖੋਂ ਕਲੀਆਂ ਤੋੜਕੇ ਖ਼ੁਸ਼ ਹੋ ਰਹੇ ਹੋ ਮੂਰਖੋ,
ਬਾਗ਼ ਦੁਨੀਆਂ ਦਾ ਇਨ੍ਹਾਂ ਬਿਨ ਮਹਿਕਦਾ ਕੋਈ ਨਹੀਂ।

ਬੁਲਬੁਲੇ ਦੇ ਵਾਂਗ ਹੁੰਦੀ ਉਮਰ ਹੈ ਉਸ ਜੋਸ਼ ਦੀ,
ਕੋਲ ਜਿਸ ਦੇ ਹੋਸ਼, ਹਕ, ਸਚ ਤੇ ਵਫ਼ਾ ਕੋਈ ਨਹੀਂ।

ਮੰਗਦਿਆਂ ਸ਼ਰਮਾਇਆ ਨਾ ਕਰ, ਰੱਬ ਕੋਲੋਂ 'ਦਾਦਰਾ',
ਓਸ ਵਰਗਾ ਦਾਨੀ-ਦਾਤਾ ਦੂਸਰਾ ਕੋਈ ਨਹੀਂ।

•



## ਨੌਂ

ਕਿਸੇ ਦੇ ਘਰ ਨੂੰ ਲੱਗੀ ਅੱਗ ਨੂੰ ਨਾ ਰੌਸ਼ਨੀ ਸਮਝੋ!
ਅਸੀਂ ਮਰ ਮਰ ਕੇ ਜਿਉਂਦੇ ਹਾਂ, ਨਾ ਇਸ ਨੂੰ ਜ਼ਿੰਦਗੀ ਸਮਝੋ!

ਕੋਈ ਕਦ ਮੌਤ ਦੇ ਰਾਹ 'ਤੇ ਖ਼ੁਸ਼ੀ ਦੇ ਨਾਲ ਪੈਂਦਾ ਹੈ,
ਬਣੇ ਹਾਲਾਤ ਨੇ ਕਾਤਿਲ, ਨਾ ਇਸ ਨੂੰ ਖ਼ੁਦ-ਕੁਸ਼ੀ ਸਮਝੋ!

ਕੋਈ ਇਕ ਬੇਵਫ਼ਾ ਜੇ ਹੋ ਗਿਐ ਤਾਂ ਫੇਰ ਕੀ ਹੋਇਆ?
ਮਹਿਜ਼ ਏਨੀ ਕੁ ਗੱਲ ਪਿੱਛੇ ਨਾ ਸਭ ਨੂੰ ਮਤਲਬੀ ਸਮਝੋ!

ਮੁਹੱਬਤ ਦੇ ਮਹੱਲ ਨੂੰ ਧਰਮ-ਧੱਕੇ ਨਾਲ ਜੋ ਢਾਉਂਦੈ,
ਉਹ ਤਾਂ ਸ਼ੈਤਾਨ ਹੈ, ਉਸ ਨੂੰ ਨਾ ਯਾਰੋ ਆਦਮੀ ਸਮਝੋ!

ਸੁਹਾਨੇ ਖ਼ਾਬ ਅਪਣੇ ਦੋਸਤੋ ਜੇ ਕਰਨੇ ਹਨ ਪੂਰੇ,
ਤਾਂ ਫਿਰ ਤਕਦੀਰ ਥਾਂ ਤਦਬੀਰ ਦੀ ਹਰ ਇਕ ਕੜੀ ਸਮਝੋ!

ਵਤਨ ਦੀ ਬੇੜੀ ਦਾ ਜੇ ਨਾਖ਼ੁਦਾ ਹੀ ਮਤਲਬੀ ਹੋਵੇ,
ਭਰਾਵੋ! ਉਸ ਵਤਨ ਦੀ ਬੇੜੀ ਤਾਂ ਫਿਰ ਡੁਬ ਗਈ ਸਮਝੋ!

ਵਧੇ ਹੋਏ ਕਿਰਾਏ ਨੇ ਮੇਰਾ ਲੱਕ ਤੋੜ ਦਿੱਤਾ ਹੈ,
ਨਹੀਂ ਮੈਂ ਮਿਲਣ ਆ ਸਕਿਆ, ਇਹ ਮੇਰੀ ਬੇਬਸੀ ਸਮਝੋ!

ਜ਼ਮਾਨੇ ਨੇ ਜੋ ਫੱਟ ਲਾਏ, ਇਹ ਉਸ ਦੀ ਤਰਜ਼ਮਾਨੀ ਹੈ,
ਕਿਸੇ ਵੀ ਨਜ਼ਰੀਏ ਤੋਂ ਏਸ ਨੂੰ ਨਾ ਸ਼ਾਇਰੀ ਸਮਝੋ!

•

## ਦਸ

ਮੁੰਡੇ-ਕੁੜੀਆਂ 'ਤੇ ਹਾਵੀ ਹੈ, ਫ਼ਿਲਮੀ ਸੱਭਿਆਚਾਰ।
ਬੁੱਲ੍ਹਾ, ਵਾਰਿਸ, ਸ਼ਿਵ ਤੇ ਸਾਹਿਰ ਰੋਂਦੇ ਭੁੱਬਾਂ ਮਾਰ!

ਓਸੇ ਦੀ ਹਿੰਮਤ ਨਾ ਹੋਈ, ਸਾਹਵਿਓਂ ਕਰਦਾ ਵਾਰ।
ਮੈਂ ਤਾਂ ਛਾਤੀ ਤਾਣ ਖੜਾ ਸੀ, ਜ਼ਾਲਿਮ ਨੂੰ ਲਲਕਾਰ।

ਉਹ ਬਦਕਾਰ, ਕਿ ਜਿਸਦੇ ਚੀਥੜਿਆਂ 'ਚੋਂ ਝਾਕਣ ਅੰਗ,
ਫੈਸ਼ਨ ਜਿਸ ਨੂੰ ਕਰ ਗਿਆ ਨੰਗੀ, ਬਣੀ ਪਵਿੱਤਰ ਨਾਰ।

ਇਕ ਵੀ ਦਿਲ ਦਾ ਪਿਆਰ ਨਾ ਮਿਲਿਆ ਉਸ ਨੂੰ ਦੁਨੀਆਂ ਵਿੱਚੋਂ,
ਸਖ਼ਸ਼ ਵਸਾਉਣਾ ਚਾਹੁੰਦਾ ਸੀ ਜੋ ਉਲਫ਼ਤ ਦਾ ਸੰਸਾਰ।

ਐ ਉੱਚੇ ਮਹਿਲਾਂ ਦੇ ਸਾਥੀ, ਛੱਡ ਜਨਮਾਂ ਦੇ ਵਾਅਦੇ,
ਨਾਲ ਗ਼ਰੀਬਾਂ ਦੇ ਇਕ ਦਿਨ ਵੀ, ਹੋਣਾ ਨਹੀਂ ਗੁਜ਼ਾਰ।

ਭਾਵੇਂ ਕਲਾ ਲਿਆ ਨਹੀਂ ਸਕਿਆ ਗ਼ਜ਼ਲਾਂ ਵਿਚ ਮੈਂ,ਲੇਕਿਨ
ਜੋ ਵਿਉਪਾਰ ਕਲਾ ਨੂੰ ਸਮਝਣ, ਮੈਂ ਨਹੀਂ ਉਹ ਫ਼ਨਕਾਰ।

ਅੱਧੀ ਸਦੀ ਤਾਂ ਬੀਤ ਗਈ ਹੈ, ਸੁਣਦਿਆਂ ਤੇਰੇ ਲਾਰੇ,
ਨੌਕਰੀਆਂ 'ਤੇ ਲੱਗਾ ਹੁਣ ਤਕ, ਤੇਰਾ ਹੀ ਪਰਿਵਾਰ।

ਮੇਰੀਆਂ ਗ਼ਜ਼ਲਾਂ ਪੜ੍ਹਕੇ ਮੈਨੂੰ ਪੁੱਛਣ ਲਗਦੇ ਲੋਕ,
ਸ਼ਬਦਾਂ ਨਾਲ ਬਣਾਉਦੈਂ 'ਦਾਦਰ', ਤੂੰ ਕਿਸ ਦੇ ਆਕਾਰ?

•



## ਗਿਆਰਾਂ

ਉਹ ਭੇਤ ਕੋਈ ਤਾਂ ਰਖ ਰਹੇ ਨੇ, ਉਹ ਗਲ ਕੋਈ ਤਾਂ ਛੁਪਾ ਰਹੇ ਨੇ।
ਉਨ੍ਹਾਂ ਦੇ ਦਿਲ ਵਿਚ ਹੈ ਚੋਰ ਛੁਪਿਆ, ਜੋ ਮੈਥੋਂ ਨਜ਼ਰਾਂ ਚੁਰਾ ਰਹੇ ਨੇ।

ਕੋਈ ਜੇ ਦੇਖੇ ਤਾਂ ਏਹੋ ਸਮਝੇ, ਕਿ ਜ਼ਖ਼ਮੀਂ ਮਰਹਮ ਲਗਾ ਰਹੇ ਨੇ।
ਮਗਰ ਉਹ ਚੁਪ-ਚਾਪ ਦੁਖਦੇ ਫਟ ਨੂੰ, ਦਬਾ ਕੇ ਪੋਟੇ ਦੁਖਾ ਰਹੇ ਨੇ।

ਅਸਾਂ ਉਡੀਕਾਂ ਦਾ ਦੀਪ ਏਧਰ, ਜਲਾਈ ਰੱਖਿਆ ਹੈ ਰਾਤ ਸਾਰੀ,
ਬੁਝਾ ਕੇ ਬੱਤੀਆਂ ਉਹ ਸੌਂ ਗਏ ਨੇ, ਤੇ ਸੁਹਣੇ ਸੁਪਨੇ ਸਜਾ ਰਹੇ ਨੇ।

ਬੀਮਾਰ ਨੂੰ ਆਕੇ ਪੁੱਛਿਆ ਨਾ, ਸੁਣਾ ਕੀ ਹੈ ਹਾਲ-ਚਾਲ ਤੇਰਾ,
ਜਦੋਂ ਘਰੋਂ ਠੀਕ ਹੋ ਕੇ ਨਿਕਲੇ, ਤਾਂ ਫਿਰ ਵੀ ਨਜ਼ਰਾਂ ਚੁਰਾ ਰਹੇ ਨੇ।

ਦਿਲਾ! ਐਂ ਯਾਦਾਂ 'ਚ ਰੋਣ ਨਾਲੋਂ, ਕਿਤੋਂ ਖ਼ੁਸ਼ੀ ਦੀ ਤਲਾਸ਼ ਕਰ ਲੈ,
ਕਿਸੇ ਨੂੰ ਅਪਣਾ ਬਣਾ ਲੈ ਤੂੰ ਵੀ, ਉਹ ਅਪਣੀ ਦੁਨੀਆਂ ਵਸਾ ਰਹੇ ਨੇ।

ਉਹ ਆਖਦੇ ਨੇ ਕਿ ਪਿਆਰ ਸਾਡਾ, ਹੈ ਇਕ ਛਲਾਵਾ, ਨਹੀਂ ਹਕੀਕਤ,
ਕਦੇ ਜੋ ਏਧਰ ਦੇ ਹੋ ਰਹੇ ਨੇ, ਕਦੇ ਜੋ ਓਧਰ ਨਿਭਾ ਰਹੇ ਨੇ।

ਖ਼ਬਰ ਨਾ ਸੀ ਦਿਲ-ਲਗੀ ਉਨ੍ਹਾਂ ਦੀ, ਐਂ ਦਿਲ ਨੂੰ ਲੱਗੇਗੀ ਰੋਗ ਵਾਂਗੂੰ,
ਭੁਲਾ ਭੁਲਾ ਕੇ ਮੈਂ ਵੇਖਦਾ ਹਾਂ, ਉਹ ਯਾਦ ਮੁੜ ਮੁੜ ਕੇ ਆ ਰਹੇ ਨੇ।

ਜਿਨ੍ਹਾਂ ਲਈ ਰਾਤ ਭਰ ਮੈਂ ਯਾਰੋ, ਹਨੇਰਿਆਂ ਨਾਲ ਜੂਝਿਆ ਹਾਂ,
ਦਿਨੇ ਜਗਾ ਕੇ ਉਹ ਦੀਪ 'ਦਾਦਰ', ਮੇਰੀ ਤਲੀ 'ਤੇ ਟਿਕਾ ਰਹੇ ਨੇ।

•

## ਬਾਰਾਂ

ਉਲਝਣਾਂ, ਮਾਯੂਸੀਆਂ, ਦੁਸ਼ਵਾਰੀਆਂ।
ਸੂਝ, ਹਿੰਮਤ, ਹੌਂਸਲੇ ਤੋਂ ਹਾਰੀਆਂ।

ਜ਼ਿੰਦਗੀ ਦੇ ਸੁਖ ਦੀਆਂ ਦੁਸ਼ਮਣ ਨੇ ਇਹ,
ਰੋਗ, ਨਿਰਧਨਤਾ ਅਤੇ ਲਾਚਾਰੀਆਂ।

ਹੈ ਬਹੁਤ ਔਖਾ ਇਹ ਜੀਵਨ ਦਾ ਸਫ਼ਰ,
ਬੰਨ੍ਹੀ ਜਾਨੈਂ ਕਾਹਤੋਂ ਪੰਡਾਂ ਭਾਰੀਆਂ?

ਤੇਰੀਆਂ ਬਾਹਾਂ 'ਚੋਂ ਖਿੱਚਣ ਬਾਰ-ਬਾਰ,
ਨਿਰਦਈ, ਨਿਰਮੋਹੀ ਜ਼ਿੰਮੇਵਾਰੀਆਂ।

ਮੁਖ 'ਤੇ ਹੈ ਮੁਸਕਾਨ, ਮਨ ਵਿਚ ਈਰਖਾ,
ਕਿਸ ਪੜਾ 'ਤੇ ਪਹੁੰਚੀਆਂ ਨੇ ਯਾਰੀਆਂ।

ਥਾਂ ਦਿਲਾਂ ਦੀ ਮਸਤਿਕਾਂ ਨੇ ਖੋਹ ਲਈ,
ਯਾਰੀਆਂ ਬਣੀਆਂ ਨੇ ਦੁਨੀਆਂਦਾਰੀਆਂ।

ਮਿਲਦੀਆਂ ਨਹੀਂ ਘਾਲਣਾ ਘਾਲੇ ਬਗ਼ੈਰ,
ਸ਼ੁਹਰਤਾਂ, ਇਜ਼ਤਾਂ ਅਤੇ ਸਰਦਾਰੀਆਂ।

ਬੰਦੇ ਨੂੰ ਬਰਬਾਦੀ ਤਕ ਲੈ ਜਾਣ ਇਹ,
ਵਹਿਸ਼ਤਾਂ, ਆਯਾਸ਼ੀਆਂ, ਬੀਮਾਰੀਆਂ।

ਜਾਣਦੇ ਨੇ ਸਭ ਤੇਰੇ ਕਿਰਦਾਰ ਨੂੰ,
ਰੱਖ 'ਦਾਦਰ' ਲੱਖ ਪਰਦੇਦਾਰੀਆਂ।

•



## ਤੇਰਾਂ

ਵਿਛੋੜਾ ਭਾਵੇਂ ਅਪਣੇ ਆਪ ਵਿਚ ਖ਼ੰਜਰ ਨਹੀਂ ਹੁੰਦਾ।
ਵਿਛੋੜੇ ਦਾ ਬਿ-ਦਰਦੀ ਦਰਦ ਫਿਰ ਵੀ ਜਰ ਨਹੀਂ ਹੁੰਦਾ।

ਕਰਾਰੇ ਬੋਲ ਉਸਦੇ, ਦਿਲ ਦਾ ਸ਼ੀਸ਼ਾ ਤੋੜ ਜਾਂਦੇ ਨੇ,
ਉਦ੍ਹੇ ਹੱਥਾਂ 'ਚ ਮਾਰਨ ਨੂੰ ਕੋਈ ਪੱਥਰ ਨਹੀਂ ਹੁੰਦਾ।

ਨਸ਼ਾ ਕੁਰਸੀ ਦਾ ਬੰਦੇ ਨੂੰ ਬਣਾ ਦੇਂਦਾ ਏ ਕੀ ਤੋਂ ਕੀ,
ਕੋਈ ਵੀ ਜਨਮੋਂ ਔਰੰਗਾ ਅਤੇ ਹਿਟਲਰ ਨਹੀਂ ਹੁੰਦਾ।

ਤੂੰ ਛੱਡ ਦੇ ਦੋਸਤਾ ਜਾਣਾ, ਖ਼ੁਆਬਾਂ ਦੇ ਨਗਰ ਅੰਦਰ,
ਮੁਸ਼ੱਕਤ ਦਾ ਅਗਰ ਤੇਰੇ ਤੋਂ ਦਰਿਆ ਤਰ ਨਹੀਂ ਹੁੰਦਾ।

ਬਣਾ ਦੇਂਦੇ ਨੇ ਸ਼ਾਇਰ ਪਿਆਰ ਤੇ ਰੁਜ਼ਗਾਰ ਦੇ ਗ਼ਮ ਹੀ,
ਕੋਈ ਵੀ ਜਨਮ ਤੋਂ ਤਾਂ ਆਦਮੀ ਸ਼ਾਇਰ ਨਹੀਂ ਹੁੰਦਾ।

ਤੂੰ ਬੂਹੇ ਖੋਲ੍ਹ ਦੇ ਦਿਲ ਦੇ, ਕਿਸੇ ਨੂੰ ਆਉਣ ਦੇ ਅੰਦਰ,
ਨਹੀਂ ਵਸਦਾ ਕੋਈ ਜਿੱਥੇ, ਉਹ ਸਜਣਾ ਘਰ ਨਹੀਂ ਹੁੰਦਾ।

ਜੋ ਤੱਕਣ ਰਾਹਬਰਾਂ ਵੱਲ ਨੂੰ ਤੇ ਰੱਖਣ ਪੈਰ ਡਰ-ਡਰ ਕੇ,
ਪੜਾ ਮੰਜ਼ਿਲ ਦਾ ਕੋਈ ਵੀ ਉਨ੍ਹਾਂ ਤੋਂ ਸਰ ਨਹੀਂ ਹੁੰਦਾ।

ਜ਼ਮਾਨੇ ਦਾ ਹਰਿਕ ਦੁਖ ਜਰ ਲਿਆ ਹੱਸ ਕੇ ਅਸਾਂ ਲੇਕਿਨ,
ਮੁਹੱਬਤ ਵਿਚ ਜਫ਼ਾ ਹੋਵੇ, ਇਹੀ ਦੁਖ ਜਰ ਨਹੀਂ ਹੁੰਦਾ।

ਤੁਹਾਡੀ ਯਾਦ ਦਾ ਦੀਪਕ, ਜਗਾਈ ਰੱਖਦਾ ਹੈ 'ਦਾਦਰ',
ਹਨੇਰਾ ਦਿਲ ਦੇ ਵਿਚ ਤਾਂ ਹੀ ਤਾਂ ਰੱਤੀ-ਭਰ ਨਹੀਂ ਹੁੰਦਾ।

•

## ਚੌਦਾਂ

ਆਪਾਂ ਦੋਵੇਂ ਸਾਥ ਕੀ ਚੱਲੇ, ਲੱਗੇ ਕਰਨ ਇਸ਼ਾਰੇ ਲੋਕ।
ਖੰਭਾਂ ਦੀਆਂ ਬਣਾਉਂਦੇ ਡਾਰਾਂ, ਸ਼ੱਕਾਂ-ਭਰਮਾਂ ਮਾਰੇ ਲੋਕ।

ਮਹਾਂਮਾਰੀ ਦੇ ਵਾਂਗ ਬੇਕਾਰੀ ਫੈਲ ਗਈ ਹੈ ਸ਼ਹਿਰ-ਗਰਾਂ,
ਰਿਸ਼ਵਤ ਅਤੇ ਸਿਫ਼ਾਰਸ਼ ਦੇ ਬਿਨ, ਫਿਰਦੇ ਮਾਰੇ ਮਾਰੇ ਲੋਕ।

ਚੋਰ ਅਤੇ ਰਾਖੇ ਦਾ ਰਿਸ਼ਤਾ, ਐਸਾ ਰਲ-ਗਡ ਹੋਇਆ ਹੈ,
ਸਮਝ ਨਾ ਆਵੇ, ਜਾਣ ਕਿਧਰ ਨੂੰ, ਲੁੱਟੇ ਤੇ ਦੁਖਿਆਰੇ ਲੋਕ।

ਸੀਸ ਤਲੀ 'ਤੇ ਧਰ ਕੇ ਜਿਹਨਾਂ, ਦੂਸਰਿਆਂ ਦੀ ਰੱਖੀ ਲਾਜ,
ਮਾਨਵਤਾ ਦੇ ਅੰਬਰ ਦੇ ਨੇ, ਓਹੀਓ ਚੰਨ-ਸਿਤਾਰੇ ਲੋਕ।

ਸ਼ਾਮ ਨੂੰ ਥੱਕਾ-ਟੁੱਟਾ ਸੂਰਜ, ਉੱਤਰਦੈ ਜਿਉਂ ਪੱਛਮ ਵੱਲ,
ਇਸੇ ਤਰ੍ਹਾਂ ਹੀ ਥੱਕੇ-ਹਾਰੇ ਮੁੜਨ ਮਜ਼ੂਰ ਵਿਚਾਰੇ ਲੋਕ।

ਤਨ-ਮਨ ਲਹੂ-ਲੁਹਾਣ ਅਸਾਡਾ ਹੋਇਆ ਕਿਵੇਂ, ਨਾ ਰੱਬਾ ਪੁੱਛ,
ਜਿਨ੍ਹਾਂ ਨੇ ਸਾਨੂੰ ਪੱਥਰ ਮਾਰੇ, ਉਹ ਸਨ ਤੇਰੇ ਪਿਆਰੇ ਲੋਕ।

ਨਾਲ ਉਨ੍ਹਾਂ ਦੇ ਮੇਰੀ ਯਾਰੀ, ਕੀਕਣ ਨਿਭਦੀ, ਤੂੰ ਹੀ ਸੋਚ,
ਜੋ ਨੇਰ੍ਹੇ ਦੇ ਰਖਵਾਲੇ ਨੇ, ਚਾਨਣ ਦੇ ਹਤਿਆਰੇ ਲੋਕ।

ਫਿਰ ਇਹ ਜਿੱਧਰ ਨੂੰ ਚਾਹੁੰਣਗੇ, ਮੋੜਨਗੇ ਪੌਣਾਂ ਦੇ ਵੇਗ,
ਹੋਸ਼ ਦੇ ਅੰਦਰ ਜੋਸ਼ ਮਿਲਾ ਕੇ, ਤੁਰੇ ਜਦੋਂ ਦੁਖ-ਮਾਰੇ ਲੋਕ।

ਜਾਣਦਿਆਂ ਕਿ ਉਸ ਨਹੀਂ ਆਉਣਾ, ਫਿਰ ਵੀ ਕਰਦਾ ਹਾਂ ਮੈਂ ਉਡੀਕ,
ਪਿਆਰ 'ਚ 'ਦਾਦਰ' ਲਾ ਜਾਂਦੇ ਨੇ, ਕਿੰਨੇ ਪਿਆਰੇ ਲਾਰੇ ਲੋਕ।

•



## ਪੰਦਰਾਂ

ਢਾਰਿਆਂ ਵਿਚ ਜੋ ਰਹਿੰਦੇ ਨੇ, ਇਹਨਾਂ ਨੇ ਵੀ,
ਖ਼ਾਬ ਮਹਿਲਾਂ ਦੇ ਵੇਖੇ ਬੜੇ ਹੋਣਗੇ।
ਵਕਤ ਨੇ ਸਾਥ ਇਹਨਾਂ ਦਾ ਦਿੱਤਾ ਨਹੀਂ,
ਜੰਗ ਹਕ ਦੀ ਤਾਂ ਇਹ ਵੀ ਲੜੇ ਹੋਣਗੇ।

ਇਹ ਸਿਆਸਤ ਦੀਆਂ ਸਾਜ਼ਿਸ਼ਾਂ ਦੋਸਤੋ,
ਰਾਜਨੀਤੀ ਦੀਆਂ ਖੋਟੀਆਂ ਨੀਤੀਆਂ,
ਜੋ ਇਨ੍ਹਾਂ ਦੇ ਫ਼ਰੇਬਾਂ 'ਚ ਨੇ ਆ ਗਏ,
ਭਾਈ-ਭਾਈ ਯਕੀਨਨ ਲੜੇ ਹੋਣਗੇ।

ਪਰਤ ਆਓ, ਅਜੇ ਵੀ ਸਮਾਂ ਹੈ ਬਹੁਤ,
ਏਸ ਰਸਤੇ ਦੀ ਮੰਜ਼ਿਲ ਨਹੀਂ ਦੋਸਤੋ,
ਭਟਕਦੇ-ਭਟਕਦੇ ਰਾਤ ਪੈ ਜਾਏਗੀ,
ਪੈਰ ਜਾ ਕੇ ਕਿਤੇ ਨਾ ਖੜੇ ਹੋਣਗੇ।

ਜਾਮ-ਜ਼ੁਲਫ਼ਾਂ ਦੀ ਜੰਮ-ਜੰਮ ਕਹੋ ਦਾਸਤਾਂ,
ਦਰਦ ਮਜ਼ਦੂਰ ਦੇ ਨੂੰ ਵੀ ਦੇਵੋ ਜ਼ਬਾਂ,
ਜੇ ਤੁਸੀਂ ਵੀ ਨਾ ਕਵੀਓ ਇਨ੍ਹਾਂ ਸੰਗ ਖੜੇ,
ਸੋਚੋ, ਕਿੱਥੇ ਇਹ ਜਾ ਕੇ ਖੜੇ ਹੋਣਗੇ?

ਜੋ ਅਦਾਲਤ ਪਨਾਹ ਦਿੰਦੀ ਹੈ ਜ਼ੁਲਮ ਨੂੰ,
ਉਹ ਕੀ ਦੇਵੇਗੀ ਮਜ਼ਲੂਮਾਂ ਤਾਈਂ ਨਿਆਂ,
ਸੜ ਰਹੇ ਹੋਣਗੇ ਉਹ ਸਲਾਖਾਂ ਮਗਰ,
ਇਸ ਕਚਹਿਰੀ ਜੋ ਹਕ ਲਈ ਲੜੇ ਹੋਣਗੇ।

ਇਹ ਪਤਾ ਸੀ ਖ਼ਿਜ਼ਾਵਾਂ ਦੇ ਦਿਨ ਆਉਣਗੇ,
ਸਾਥ ਟਹਿਣੀ ਤੇ ਪੱਤਿਆਂ ਦਾ ਰਹਿਣਾ ਨਹੀਂ,
ਪਰ ਕਿਸੇ ਨੇ ਵੀ ਇਹ ਸੋਚਿਆ ਤਕ ਨਾ ਸੀ,
ਇਉਂ ਬਹਾਰਾਂ 'ਚ ਪੱਤੇ ਝੜੇ ਹੋਣਗੇ।

ਲਾਸ਼ 'ਦਾਦਰ' ਦੀ ਹੁਣ ਤਕ ਤਾਂ ਗਲ਼ ਜਾਣੀ ਸੀ,
ਤੇ ਚਿਤਾ ਆਰਜ਼ੂਆਂ ਦੀ ਬਲ ਜਾਣੀ ਸੀ,
ਤੇਰੇ ਇਕਰਾਰ 'ਤੇ ਕਰਕੇ ਇਤਬਾਰ ਹੀ,
ਤੇਰੇ ਦੀਦਾਰ ਲਈ ਸਾਹ ਅੜੇ ਹੋਣਗੇ।

•

## ਸੋਲਾਂ

ਤਰਨਾ ਵੀ ਨਹੀਂ ਸੀ ਜਾਣਦੇ, ਜਿਹੜੇ ਤਲਾਬ ਵਿਚ।
ਉਹ ਇਸ਼ਕ-ਬੱਧੇ ਠਿਲ੍ਹ ਪਏ, ਹਸ ਕੇ ਚਨਾਬ ਵਿਚ।

ਲੱਖਾਂ ਹੀ ਐਬ ਹੋਣਗੇ, ਇਸ ਦਿਲ ਖ਼ਰਾਬ ਵਿਚ।
ਪਰ ਇਹ ਕਦੇ ਬਣਿਆ ਨਹੀਂ ਹੱਡੀ ਕਬਾਬ ਵਿਚ।

ਤੰਗੀ 'ਚ ਸਾਰੇ ਯਾਰ ਮੇਰਾ ਸਾਥ ਛਡ ਗਏ,
ਬਗਲੇ ਕਦੋਂ ਨੇ ਠਹਿਰਦੇ, ਸੁਕਦੇ ਤਲਾਬ ਵਿਚ।

ਇੱਛਾ ਸੀ ਮੇਰੀ, ਦੇਖਾਂ ਮੈਂ ਡਾਲੀ 'ਤੇ ਝੂਮਦੇ,
ਫੁਲ ਤੋੜਕੇ ਉਹ ਧਰ ਗਿਆ ਮੇਰੀ ਕਿਤਾਬ ਵਿਚ।

ਹਕਦਾਰ ਸੀ ਉਹ ਇਸ ਦਾ ਪਰ ਮਗਰੂਰ ਹੋ ਗਿਆ,
ਤਾਰੀਫ਼ ਸੁਣ ਕੇ ਆ ਗਈ ਆਕੜ ਜਨਾਬ ਵਿਚ।

ਕਾਸਿਦ ਤੋਂ ਮੇਰਾ ਖ਼ਤ ਉਨ੍ਹੇ ਮੁਸਕਾ ਕੇ ਫੜ ਲਿਐ,
ਹੁਣ ਗ਼ਮ ਨਹੀਂ ਭਾਵੇਂ ਲਿਖੇ ਕੁਝ ਵੀ ਜਵਾਬ ਵਿਚ।

ਸ਼ਿਕਵਾ ਗਿਲਾ ਤੇਰੇ 'ਤੇ ਜੇ ਕਰਦੇ ਨੇ ਗ਼ਮ ਨਾ ਕਰ,
ਲੋਕੀਂ ਤਾਂ ਨੁਕਸ ਕੱਢਦੇ ਨੇ, ਚੰਨ-ਆਫ਼ਤਾਬ ਵਿਚ।

ਆ ਕੇ ਕਿਸੇ ਦਬਾਅ 'ਚ ਨਹੀਂ ਕੱਟੀ ਮੈਂ ਜ਼ਿੰਦਗੀ,
ਭਾਵੇਂ ਨੇ ਗੁਜ਼ਰੇ ਦਿਨ ਮੇਰੇ, ਹਾਲਤ ਖਰਾਬ ਵਿਚ।

'ਦਾਦਰ' ਨੇ ਦੁੱਖ ਕਿਸੇ ਨੂੰ ਵੀ ਦਿੱਤਾ ਨਾ ਸੀ ਕਦੇ,
ਹੋਇਆ ਹੈ ਹੇਰ-ਫੇਰ ਇਹ ਰਬ ਦੇ ਹਿਸਾਬ ਵਿਚ।

•



## ਸਤਾਰਾਂ

ਰਕੀਬਾਂ ਦੀ ਰਕਾਬਤ 'ਤੇ ਹੀ ਸ਼ੱਕ ਨਾ ਦੋਸਤਾ ਕਰੀਏ।
ਢਵ੍ਹਾਂਉਂਦਾ ਹੈ ਜੋ ਲੰਕਾ, ਘਰ ਦੇ ਭੇਤੀ ਦਾ ਪਤਾ ਕਰੀਏ।

ਅਸੀਂ ਕਿਸ ਰਾਹ 'ਤੇ ਤੁਰਨਾ ਹੈ, ਅਸਾਡੀ ਹੈ ਕਿਧਰ ਮੰਜ਼ਿਲ,
ਅਕਾਰਥ ਭਟਕਣੋਂ ਚੰਗਾ ਹੈ, ਪਹਿਲਾਂ ਫ਼ੈਸਲਾ ਕਰੀਏ।

ਹਵਾ ਦੇ ਰੁਖ਼ ਨੂੰ ਤੱਕਦੇ ਹੀ ਜੋ ਪਾਸਾ ਵੱਟ ਜਾਂਦੇ ਹਨ,
ਅਜੇਹੇ ਮਤਲਬੀ ਖ਼ੁਦ-ਗਰਜ਼ ਯਾਰਾਂ ਨੂੰ ਦਫ਼ਾ ਕਰੀਏ।

ਅਸਾਂ ਜੋ ਖ਼ੂਨ ਅਪਣੇ ਨਾਲ ਸਿੰਜਿਆ ਸੀ ਚਮਨ ਯਾਰੋ,
ਕਿਵੇਂ ਉਹ ਬਣ ਗਿਆ ਸਹਿਰਾ, ਚਲੋ ਇਸ ਦਾ ਪਤਾ ਕਰੀਏ।

ਖ਼ਿਜ਼ਾਂ 'ਤੇ ਬਾਗ਼ ਦੀ ਵੀਰਾਨੀ ਦਾ ਸ਼ਿਕਵਾ ਕਰਾਂਗੇ ਫਿਰ,
ਜਲਾਉਂਦੈ ਫੁਲ ਜੋ ਮਾਲੀ, ਪਹਿਲਾਂ ਉਸ ਨੂੰ ਤਾੜਨਾ ਕਰੀਏ।

ਕਦੀ ਇਹ ਵੱਖ ਨਹੀਂ ਹੋਇਆ, ਕਦੀ ਇਸ ਵੱਖ ਨਹੀਂ ਹੋਣਾ,
ਨਾ ਸੋਟੇ ਮਾਰ ਕੇ ਪਾਣੀ ਨੂੰ ਪਾਣੀ ਤੋਂ ਜੁਦਾ ਕਰੀਏ।

ਬੜੀ ਵਾਰੀ ਅਸਾਂ ਹੈ ਰਹਿਬਰਾਂ ਤੋਂ ਖਾ ਲਿਆ ਧੋਖਾ,
ਚਲੋ ਅਜ ਤੋਂ ਹੀ ਮੰਜ਼ਿਲ ਸਾਥੀਓ ਖ਼ੁਦ ਢੂੰਡਿਆ ਕਰੀਏ।

ਸਵੇਰਾ-ਸ਼ਾਮ, ਦੁਖ-ਸੁਖ, ਇੱਕੋ ਸਿੱਕੇ ਦੇ ਦੋ ਪਾਸੇ ਹਨ,
ਨਾ ਇਕ ਨੂੰ ਵੇਖ ਕੇ ਰੋਈਏ, ਨਾ ਇਕ 'ਤੇ ਹੱਸਿਆ ਕਰੀਏ।

ਮੇਰੇ ਦੁਖ-ਸੁਖ ਦਾ ਸਾਂਝੀ ਸੀ ਜੋ, ਓਹੀ ਖੁਸ ਗਿਆ ਮੈਥੋਂ,
ਕਿ ਹੁਣ ਕਿਸ ਨਾਲ ਦੁਖ-ਸੁਖ ਸਾਂਝਾ ਅਪਣਾ 'ਦਾਦਰਾ' ਕਰੀਏ।

•

## ਅਠਾਰਾਂ

ਜਲਾ ਦੇ ਤੂੰ ਬੇ-ਸ਼ਕ ਮੇਰੇ ਖ਼ਤ ਜਲਾ ਦੇ।
ਭੁਲਾ ਸਕਦੈਂ ਮੈਨੂੰ, ਭੁਲਾ ਕੇ ਦਿਖਾ ਦੇ।

ਜਦੋਂ ਵਕਤ ਆਇਆ ਤਾਂ ਦੱਸਾਂਗੇ ਤੈਨੂੰ,
ਹੁਣੇ ਦੱਸ ਕੀ ਦੱਸੀਏ, ਕੀ ਸਾਡੇ ਇਰਾਦੇ।

ਤੂਫ਼ਾਨਾਂ 'ਚ ਰੱਖੀ ਏ ਨੀਂਹ ਇਸ ਵਤਨ ਦੀ,
ਵਿਗਾੜਨਗੇ ਕੀ ਇਸ ਦਾ ਬੁੱਲੇ ਹਵਾ ਦੇ।

ਅਸਾਂ ਬੁਜ਼ਦਿਲਾਂ ਵਾਂਗ ਜੀਣਾ ਨਹੀਂ ਹੈ,
ਅਸਾਂ ਤਾਣੀ ਛਾਤੀ, ਤੂੰ ਖ਼ੰਜਰ ਚਲਾ ਦੇ।

ਤੂੰ ਭਗਵਾਨ ਹੈਂ ਤਾਂ ਦਿਖਾ ਅਪਣੀ ਸ਼ਕਤੀ,
ਮੈਂ ਮਰਦਾ ਪਿਆਂ, ਉਹਦੇ ਦਰਸ਼ਨ ਕਰਾ ਦੇ।

ਮੇਰੀ ਜਾਨ ਲੈ ਲੈ ਤੂੰ ਇਸ ਦੇ ਬਦਲ ਵਿਚ,
ਵਫ਼ਾ-ਪਿਆਰ ਦਾ ਧਨ ਮੇਰੇ ਨਾਂ ਲਗਾ ਦੇ।

ਜ਼ਰੂਰੀ ਨਹੀਂ ਹੈ, ਜਫ਼ਾ ਹੀ ਕਰੇਗਾ,
ਜੇ ਕਰਦਾ ਨਹੀਂ ਹੈ ਉਹ ਵਾਅਦੇ ਵਫ਼ਾ ਦੇ।

ਜਗਾਂਗੇ ਅਸੀਂ ਰੌਸ਼ਨੀ ਲੈ ਕੇ ਮੁੜ-ਮੁੜ,
ਤੂੰ ਜਿੰਨੀਂ ਦਫ਼ਾ ਵੀ ਬੁਝਾਉਣੈ ਬੁਝਾ ਦੇ।

ਭਰਾ, ਭੈਣ, ਮਾਤਾ, ਪਿਤਾ, ਦੋਸਤਾਂ 'ਚੋਂ,
ਕਈ ਰੂਪ 'ਦਾਦਰ' ਨੇ ਵੇਖੇ ਖ਼ੁਦਾ ਦੇ।

•

## ਉੱਨੀ

ਲੰਘਿਆ ਹੈ ਮੇਰਾ ਜੀਵਨ, ਬੇਕਾਰ ਹੌਲੀ ਹੌਲੀ।
ਕਿਸਮਤ ਤੋਂ ਉਠ ਗਿਆ ਹੈ, ਇਤਬਾਰ ਹੌਲੀ ਹੌਲੀ।

ਇਕ ਵਾਰ ਨਾਲ ਜ਼ਾਲਿਮ, ਸਿਰ ਕਲਮ ਕਰ ਦੇ ਮੇਰਾ,
ਕਾਹਤੋਂ ਚਲਾ ਰਿਹਾ ਏਂ, ਤਲਵਾਰ ਹੌਲੀ ਹੌਲੀ।

ਪਲ ਵਿਚ ਤਾਂ ਦਿਲ ਕਿਸੇ ਦਾ, ਜਿੱਤਿਆ ਨਹੀਂ ਹੈ ਜਾਂਦਾ,
ਮੁੱਦਤ ਦੇ ਬਾਅਦ ਬਣਦੈ, ਇਤਬਾਰ ਹੌਲੀ ਹੌਲੀ।

ਜਦ ਵੀ ਕਿਸੇ ਨੇ ਮੈਨੂੰ, ਤੱਕਿਆ ਹੈ ਮੁਸਕਰਾ ਕੇ,
ਇਸ ਦਿਲ 'ਚ ਖਿਲ ਗਈ ਹੈ, ਗੁਲਜ਼ਾਰ ਹੌਲੀ ਹੌਲੀ।

ਐਦਾਂ ਹੀ ਐ ਫੁਲੇਰੇ, ਜੇ ਤੋੜਦਾ ਰਿਹੋਂ ਫੁੱਲ,
ਵੀਰਾਨ ਕਰ ਲਵੇਂਗਾ, ਗੁਲਜ਼ਾਰ ਹੌਲੀ ਹੌਲੀ।

ਜਦ ਹੌਲੀ ਹੌਲੀ ਉਸ ਨੂੰ, ਮੈਂ ਦਿਲ ਦਾ ਹਾਲ ਦੱਸਿਆ,
ਹੁੰਦੇ ਗਏ ਸੁਰਖ਼ ਉਸ ਦੇ, ਰੁਖ਼ਸਾਰ ਹੌਲੀ ਹੌਲੀ।

ਹੈ ਦੇਰ ਉਸ ਦੇ ਘਰ ਵਿਚ, ਅੰਧੇਰ ਤਾਂ ਨਹੀਂ ਹੈ,
ਸੁਣਦਾ ਏ ਸਾਰਿਆਂ ਦੀ, ਦਾਤਾਰ ਹੌਲੀ ਹੌਲੀ।

ਦੁਨੀਆਂ 'ਚ ਚਿਰ-ਸਥਾਈ, ਕੁਝ ਵੀ ਨਹੀਂ ਹੈ ਮਿੱਤਰਾ,
ਲੱਗੇਗੀ ਇਹ ਵੀ ਤੈਨੂੰ, ਬੇਕਾਰ ਹੌਲੀ ਹੌਲੀ।

'ਦਾਦਰ' ਨੂੰ ਮੇਰੇ ਯਾਰੋ, ਐਵੇਂ ਨਾ ਗ਼ਲਤ ਸਮਝੋ,
ਹਰ ਗਲ ਨੂੰ ਉਹ ਸਮਝਦੈ, ਹਰ ਵਾਰ ਹੌਲੀ ਹੌਲੀ।

•

## ਵੀਹ

ਜਿਹਨਾਂ ਵਾਲਾਂ ਦੀ ਤੁਲਣਾ ਸੀ ਕਰਦੇ ਘੋਰ ਘਟਾਵਾਂ ਨਾਲ।
ਕਾਲਜ ਜਾ ਕੇ ਕੁੜੀਆਂ ਨੇ ਉਹ ਵਾਲ ਕਟਾ ਲਏ ਚਾਵਾਂ ਨਾਲ।

ਮੇਰਾ ਰੋਜ਼ ਸਵਾਗਤ ਹੁੰਦੈ ਯਾਰੋ! ਦੁਰਘਟਨਾਵਾਂ ਨਾਲ।
ਫੁੱਲਾਂ ਦੇ ਗੁਲਦਸਤੇ ਭੇਜਾਂ, ਕਿੱਦਾਂ ਸ਼ੁਭ-ਇੱਛਾਵਾਂ ਨਾਲ?

ਘਰ ਦੀਆਂ ਤੰਗੀਆਂ ਤੁਰਸ਼ੀਆਂ ਸਾਡੇ ਨਾਲ ਸਦਾ ਰਹੀਆਂ ਏਦਾਂ,
ਮੇਲੇ ਵਿਚ ਜਿਉਂ ਬੱਚੇ ਚੱਲਣ, ਉਂਗਲਾਂ ਫੜ੍ਹਕੇ ਮਾਵਾਂ ਨਾਲ।

ਹੌਲੀ-ਹੌਲੀ ਜ਼ੁਲਮ ਸਹਿਣ ਦੇ ਹੋ ਗਏ ਨੇ ਆਦੀ ਇਹ ਲੋਕ,
ਹੁਣ ਨਾ ਖ਼ੂਨ ਕਿਸੇ ਦਾ ਪਿਘਰੇ, ਤੱਤੀਆਂ ਗਰਮ ਹਵਾਵਾਂ ਨਾਲ।

ਕੋਠੇ ਜਿੱਡੀ ਧੀ ਹੈ ਜਿਸ ਦੀ, ਜਿਸ ਦਾ ਪੁੱਤ ਨਿਕੰਮਾ ਹੈ,
ਕੈਦੀ ਵਾਂਗੂੰ ਦਿਨ ਕਟਦਾ ਹੈ ਉਹ ਵੀ ਸਖ਼ਤ ਸਜ਼ਾਵਾਂ ਨਾਲ।

'ਜਲ' ਹੁੰਦਾ ਤਾਂ ਜਲਦੇ ਦਿਲ ਦਾ, ਹਾਲ ਸੁਣਾਉਂਦੇ ਲਹਿਰਾਂ ਨੂੰ,
ਦੁੱਖ ਅਸੀਂ ਕਿੰਜ ਸਾਂਝੇ ਕਰੀਏ, ਸੁਕ ਚੁੱਕੇ ਦਰਿਆਵਾਂ ਨਾਲ।

ਅਪਣੇ ਖੰਭਾਂ ਦੇ ਬਲ 'ਤੇ ਜੋ ਉੱਡੇ ਨੇ, ਉਹ ਉੱਡਣਗੇ,
ਮੂਧੇ-ਮੂੰਹ ਉਹ ਡਿੱਗਣਗੇ ਜੋ ਉੱਡੇ ਫ਼ਕਤ ਹਵਾਵਾਂ ਨਾਲ।

ਸੰਪਾਦਕ ਦੇ ਕੂੜੇਦਾਨ 'ਚ ਉਸ ਦੇ ਟੁਕੜੇ ਹੁੰਦੇ ਨੇ,
ਮਗ਼ਜ਼ ਖਪਾਈ ਕਰਕੇ ਮੈਂ ਜੋ ਕਵਿਤਾ ਲਿਖਦਾਂ ਚਾਵਾਂ ਨਾਲ।

ਬਾਪੂ ਆਖੇ- ਪੁਤਰਾ! ਕੋਈ ਕੰਮ ਦਾ ਕੰਮ ਵੀ ਕਰਿਆ ਕਰ,
ਐਂ ਤਾਂ ਢਿੱਡ ਕਦੇ ਨਹੀਂ ਭਰਦਾ, ਗੀਤਾਂ ਤੇ ਕਵਿਤਾਵਾਂ ਨਾਲ।

ਸਨਮਾਨਾਂ 'ਤੇ ਜਾਇਆ ਕਰ ਤੂੰ, ਤੈਨੂੰ ਵੀ ਸਨਮਾਨ ਮਿਲੂ,
'ਦਾਦਰ' ਗੰਢ-ਤੁਪ ਕਰਕੇ ਰੱਖੀਏ, ਸ਼ਾਇਰਾਂ ਨਾਲ, ਸਭਾਵਾਂ ਨਾਲ।

•



## ਇੱਕੀ

ਜਦੋਂ ਵੀ ਵੇਖਿਆ ਹੱਸਦਾ, ਸੁਨੱਖੇ ਯਾਰ ਦਾ ਚਿਹਰਾ।
ਨਜ਼ਰ ਪਤਝੜ 'ਚ ਵੀ ਆਇਆ, ਬਸੰਤ-ਬਹਾਰ ਦਾ ਚਿਹਰਾ।

ਹਮੇਸ਼ਾ ਬੁਲਬੁਲਾਂ ਤੇ ਕੋਇਲਾਂ ਦਾ ਦਿਲ ਦੁਆ ਕਰਦੈ,
ਸਦਾ ਦਿਸਦਾ ਰਹੇ ਸਾਨੂੰ, ਖਿੜੀ ਗੁਲਜ਼ਾਰ ਦਾ ਚਿਹਰਾ।

ਉਨ੍ਹਾਂ ਦੇ ਪੈਰ ਚੁੰਮਦੀ ਏ, ਸਦਾ ਹੀ ਸਫਲਤਾ ਯਾਰੋ,
ਸਦਾ ਜੋ ਵੇਖਦੇ ਨੇ ਜਿੱਤ ਦੇ ਆਸਾਰ ਦਾ ਚਿਹਰਾ।

ਗ਼ਮੀ ਦੇ ਦਿਨ ਗੁਜ਼ਰ ਜਾਣੇ, ਖ਼ੁਸ਼ੀ ਫਿਰ ਪਰਤ ਆਵੇਗੀ,
ਸਦਾ ਨਈਂ ਇਕ ਤਰ੍ਹਾਂ ਰਹਿੰਦਾ, ਸਮੇਂ, ਸੰਸਾਰ ਦਾ ਚਿਹਰਾ।

ਹਰਿਕ ਦੇ ਚਿਹਰੇ 'ਤੇ ਲਿਖਿਐ, 'ਅਸਾਨੂੰ ਕੀ ਦਵੇਂਗਾ ਤੂੰ?
ਮੈਂ ਫਿਰ ਵੀ ਢੂੰਡਦਾ ਫਿਰਦਾਂ, ਕਿਸੇ ਦਾਤਾਰ ਦਾ ਚਿਹਰਾ।

ਤੁਸੀਂ ਕਿਸ ਬਾਗ਼ ਦੀ ਖ਼ੁਸ਼ਬੂ-ਟਹਿਕ ਦੀ ਗੱਲ ਕਰਦੇ ਹੋ,
ਅਸਾਂ ਤਾਂ ਵੇਖਿਐ ਥਾਂ-ਥਾਂ, ਸੜੀ ਗੁਲਜ਼ਾਰ ਦਾ ਚਿਹਰਾ।

ਜਿਗਰ ਦਾ ਖ਼ੂਨ ਪਾ ਕੇ ਸ਼ਿਅਰਾਂ ਦੇ ਬੂਟੇ ਮੈਂ ਸਿੰਜਦਾ ਹਾਂ,
ਕਿਤੇ ਫਿਰ ਵੇਖਦਾਂ ਜਾ ਕੇ, ਗ਼ਜ਼ਲ-ਗੁਲਜ਼ਾਰ ਦਾ ਚਿਹਰਾ।

ਇਧਰ ਤਾਂ ਆਪਣੇ ਹੀ ਅਪਣਿਆਂ ਦੀ ਰਤ ਦੇ ਪਿਆਸੇ ਨੇ,
ਖ਼ੁਦਾਇਆ! ਮੈਂ ਕਦੋਂ ਚਾਹਿਆ ਸੀ, ਇਹ ਸੰਸਾਰ ਦਾ ਚਿਹਰਾ।

ਉਨ੍ਹਾਂ ਦੇ ਆਉਣ ਦਾ ਵਾਅਦਾ, ਜਦੋਂ ਵੀ ਲੰਘਿਆ ਖਾਲੀ,
ਬਣਾ ਕੇ ਬਹਿ ਗਿਆ 'ਦਾਦਰ' ਉਦੋਂ ਬੀਮਾਰ ਦਾ ਚਿਹਰਾ।

•

## ਬਾਈ

ਮੇਰੀਆਂ ਗ਼ਜ਼ਲਾਂ ਦਾ ਰੰਗ ਫਿਰ ਆਸ਼ਕਾਨਾ ਹੋ ਗਿਆ।
ਦੋਸਤੋ! ਇਹ ਦਿਲ ਕਿਸੇ ਦਾ ਫਿਰ ਦੀਵਾਨਾ ਹੋ ਗਿਆ।

ਪੰਛੀਆ! ਕਹਿ ਦੇ ਹੁਣੇ ਤੂੰ ਅਲਵਿਦਾ ਇਸ ਬਾਗ਼ ਨੂੰ,
ਏਥੇ ਤਾਂ ਮਾਲੀ-ਸ਼ਿਕਾਰੀ ਦਾ ਯਰਾਨਾ ਹੋ ਗਿਆ।

ਐਨੀ ਮਹਿੰਗਾਈ 'ਚ ਮੈਥੋਂ ਘਰ ਬਣਾ ਹੋਣਾ ਨਾ ਸੀ,
ਚੰਗਾ ਹੋਇਆ, ਉਸ ਦਾ ਦਿਲ ਹੀ ਆਸ਼ੀਆਨਾ ਹੋ ਗਿਆ।

ਮੁਸਕਰਾਉਂਦੇ ਸਾਂ ਅਸੀਂ ਇਕ ਦੂਸਰੇ ਨੂੰ ਵੇਖ ਕੇ,
ਉਸ ਨੂੰ ਮਿਲਿਆਂ, ਮੁਸਕਰਾਇਆਂ ਹੁਣ ਜ਼ਮਾਨਾ ਹੋ ਗਿਆ।

ਪਿਆਰ ਮੇਰਾ ਨਈਂ ਵਿਕਾਊ, ਚੱਕ ਲੈ ਇਹ ਦੌਲਤਾਂ,
ਇਧਰ ਤਾਂ ਦਿਲ ਨਾਲ ਦਿਲ ਦਾ ਹੈ ਬਿਆਨਾ ਹੋ ਗਿਆ।

ਜੋ ਵੀ ਆ ਲੱਗੀ ਬਿਮਾਰੀ, ਸੰਗ-ਰਹਿਣੀ ਬਣ ਗਈ,
ਜ਼ਿੰਦਗੀ ਤੇ ਮੌਤ ਦਾ ਲੱਗਦੈ ਯਰਾਨਾ ਹੋ ਗਿਆ।

ਪਿਆਰ ਪੂਜਾ ਸੀ ਕਦੀ, ਇਹ ਗੱਲ ਚਿਰਾਂ ਦੀ ਗੱਲ ਹੈ,
ਹੁਣ ਸੁਆਰਥ-ਵਾਸ਼ਨਾ ਦਾ ਇਹ ਫ਼ਸਾਨਾ ਹੋ ਗਿਆ।

ਧਰਤ ਠਾਰਨ ਵਾਸਤੇ ਬੱਦਲਾਂ ਨੂੰ ਜਿਸ ਦਿੱਤੀ ਆਵਾਜ਼,
ਬਿਜਲੀਆਂ ਦੀ ਭੇਟ ਉਸ ਦਾ ਆਸ਼ੀਆਨਾ ਹੋ ਗਿਆ।

ਅਪਣੇ ਗ਼ਮ ਤੋਂ ਬੇਖ਼ਬਰ 'ਦਾਦਰ' ਹੈ ਅਜ-ਕਲ੍ਹ ਦੋਸਤੋ,
ਜਾਪਦਾ ਹੈ ਜਾਂ ਉਹ ਸ਼ਾਇਰ ਜਾਂ ਦੀਵਾਨਾ ਹੋ ਗਿਆ।

•



## ਤੇਈ

ਮਹਿਲਾਂ ਖ਼ਾਤਿਰ ਇੱਟਾਂ ਢੋ-ਢੋ, ਦਿਨ-ਭਰ ਹੱਡ ਭੰਨਾਵਾਂ।
ਫਿਰ ਵੀ ਕੱਖਾਂ ਦੀ ਕੁੱਲੀ ਹੈ, ਯਾਰਾਂ ਦਾ ਸਿਰਨਾਵਾਂ।

ਰਹਿਬਰ ਸੁਲਝੇ ਮਿਲ ਜਾਵਣ ਤਾਂ, ਮਿਲ ਜਾਂਦੀ ਹੈ ਮੰਜ਼ਿਲ,
ਗੁੱਡੀ ਅਰਸ਼ੀਂ ਚੜ੍ਹਦੀ ਹੈ, ਜੇ ਹੋਵਣ ਠੀਕ ਤਲਾਵਾਂ।

ਰਿਸ਼ਵਤਖੋਰੀ, ਸੀਨਾਜ਼ੋਰੀ, ਬੇਕਾਰੀ, ਮਹਿੰਗਾਈ,
ਇਕ ਬੰਦੇ ਸੰਗ ਨਿੱਤ ਘਟਦੀਆਂ, ਕਿੰਨੀਆਂ ਦੁਰਘਟਨਾਵਾਂ।

ਲੋਕਾਂ ਦੇ ਦੁਖ ਜਾਣੇ ਜਾਂਦੇ, ਲੋਕਾਂ ਵਿੱਚ ਖਲੋ ਕੇ,
ਸਾਗਰ ਕੰਢੇ ਲਿਖ ਨਾ ਹੋਵਣ, ਥਲ ਬਾਰੇ ਰਚਨਾਵਾਂ।

ਫ਼ਿਕਰ, ਉਦਾਸੀ, ਹੰਝੂ, ਹੌਕੇ, ਪੀੜਾਂ, ਗ਼ਮ, ਤਨਹਾਈ,
ਪਿਆਰ ਹਾਰ ਹੈ ਕੰਡਿਆਂ ਦਾ, ਕਿੰਜ ਤੇਰੇ ਗਲ ਪਹਿਨਾਵਾਂ।

ਜੀਵਨ ਵਿਚ ਔਝੜ ਰਾਹੀਂ ਵੀ ਤੁਰਨਾ ਪੈ ਸਕਦਾ ਹੈ,
ਸਿੱਧੇ ਰਾਹ ਦਾ ਨਾ ਪੁੱਛਿਆ ਕਰ ਹਰ ਵੇਲੇ ਸਿਰਨਾਵਾਂ।

ਕਦੀ ਕਦੀ ਤਾਂ ਦਿਲ ਕਹਿੰਦਾ ਹੈ, ਚੀਰ ਲਵਾਂਗਾ ਸਾਗਰ,
ਕਦੀ ਕਦੀ ਦੋ ਪੈਰ ਵੀ ਤੁਰਨਾ, ਲੱਗਦੈ ਲੱਖ-ਦਰਿਆਵਾਂ।

ਤੇਰੇ ਚੇਤੇ ਦਾ ਗ਼ਮ ਹਰ ਪਲ਼, ਮੇਰਾ ਪਿੱਛਾ ਕਰਦੈ,
ਹੱਦਾਂ 'ਤੇ ਜਿਉਂ ਦੁਸ਼ਮਣ 'ਤੇ ਅੱਖ ਰਖਦੀਆਂ ਨੇ ਸੈਨਾਵਾਂ।

ਮੇਰੀ ਸੱਚੀ ਗੱਲ ਯਾਰਾਂ ਦੇ, ਗਿੱਟੀਂ ਜਾ ਕੇ ਲੱਗੀ,
ਹੁਣ ਯਾਰਾਂ ਦੇ ਲਿਖਾਂ ਕਸੀਦੇ, ਕਿੱਦਾਂ ਯਾਰ ਮਨਾਵਾਂ?

ਇਸ ਤੋਂ ਵਧ ਕੇ 'ਦਾਦਰ' ਤੈਨੂੰ, ਕਿੰਨਾਂ ਪਿਆਰ ਕਰੇਗਾ,
ਤੈਥੋਂ ਕਰਦੈ ਸ਼ੁਰੂ, ਤੇਰੇ ਤੇ ਖ਼ਤਮ ਕਰੇ ਕਵਿਤਾਵਾਂ।

ਕਵਿਤਾਵਾਂ ਦੀ ਲੋਅ ਵੰਡਣ ਦਾ, 'ਸੰਧੂ' ਤੋਂ ਵੱਲ ਸਿੱਖ ਕੇ,
"ਦਾਦਰ" ਚਾਹੁੰਦੈ, 'ਦੀਪਕ' ਵਾਂਗੂੰ, ਨੇਰ੍ਹੇ ਦਿਲ ਰੁਸ਼ਨਾਵਾਂ।

•

## ਚੌਵੀ

ਮੈਂ ਯਾਰਾਂ-ਦੋਸਤਾਂ 'ਤੇ ਉਮਰ ਭਰ ਇਤਬਾਰ ਕੀਤਾ।
ਮਗਰ ਦਾਅ ਲਗਦਿਆਂ ਹੀ ਹਰ ਕਿਸੇ ਨੇ ਵਾਰ ਕੀਤਾ।

ਉਹ ਕਾਹਦਾ ਸੂਰਮਾ ਹੈ, ਉਹ ਤਾਂ ਹੈ ਡਰਪੋਕ, ਬੁਜ਼ਦਿਲ,
ਨਿਹੱਥੇ ਆਦਮੀ ਉੱਤੇ ਹੈ ਜਿਸ ਨੇ ਵਾਰ ਕੀਤਾ।

ਨਾ ਕਾਲੀ ਰਾਤ ਨੇ, ਜੰਗਲ ਨੇ, ਮੀਂਹ ਨੇ, ਹਾਦਸੇ ਨੇ,
ਸਗੋਂ ਇਕ ਰਹਿਨੁਮਾ ਨੇ ਰਾਹ ਮੇਰਾ ਦੁਸ਼ਵਾਰ ਕੀਤਾ।

ਨਾ ਮੈਨੂੰ ਮਰਨ ਦਿੱਤਾ ਇਸ ਦੇ ਜੀਵਨ-ਲਾਰਿਆਂ ਨੇ,
ਛੁਰੀ ਗਰਦਨ 'ਤੇ ਰਖ ਕੇ ਜ਼ਿੰਦਗੀ ਨੇ ਪਿਆਰ ਕੀਤਾ।

ਕਦੀ ਨਾ ਮਾਂਝੀ ਬਣ ਕੇ ਪਾਰ ਲਾ ਸਕਿਆ ਮੁਕੱਦਰ,
ਸਦਾ ਸੰਘਰਸ਼ ਤੇ ਮਿਹਨਤ ਨੇ ਬੇੜਾ ਪਾਰ ਕੀਤਾ।

ਗਿਲਾ ਉਸ ਨਾਲ ਕੀ ਸੀ, ਭਾਵੇਂ ਠੁਕਰਾਉਂਦਾ ਉਹ ਮੈਨੂੰ,
ਦਿਲੋਂ ਜੇ ਨਾਲ ਉਸ ਦੇ ਹੁੰਦਾ ਨਾ ਮੈਂ ਪਿਆਰ ਕੀਤਾ।

ਅਸੀਂ ਮੰਜ਼ਿਲ 'ਤੇ ਪੁਜ ਕੇ ਵੀ ਨਹੀਂ ਸੰਤੁਸ਼ਟ ਹੋਏ,
ਨਿਆਣੇ ਪੁਛਦੇ ਨੇ, ਕੀ ਉਮਰ-ਭਰ ਕੰਮ-ਕਾਰ ਕੀਤਾ?

'ਉਮਰ-ਭਰ ਤੈਂ ਕੀ ਕੀਤਾ?', ਪੁੱਛਿਆ ਇਹ ਜਦ ਕਿਸੇ ਨੇ,
ਤਾਂ 'ਦਾਦਰ' ਹੁਬ ਕੇ ਆਖੂ, 'ਪਿਆਰ ਕੀਤਾ, ਪਿਆਰ ਕੀਤਾ।'

ਵਪਾਰੀ ਨਾਲ ਹੁਣ ਕਿੱਦਾਂ ਕਰੇਗਾ ਪਿਆਰ 'ਦਾਦਰ',
ਜਦੋਂ ਤਕ ਪਿਆਰ ਸੀ, ਦਿਲ ਨੇ ਉਦੋਂ ਤਕ ਪਿਆਰ ਕੀਤਾ।

•



## ਪੱਚੀ

ਦੁਨੀਆਂ ਦੇ ਝਗੜਿਆਂ ਦਾ, ਹੁਣ ਤਾਂ ਸਿਰਾ ਮਿਲੇ।
ਬਦਲੀ ਸਦੀ 'ਚ ਕੋਈ, ਨਾ ਗ਼ਮਜ਼ਦਾ ਮਿਲੇ।

ਸਭ ਨੂੰ ਮਕਾਨ, ਰਾਸ਼ਨ, ਕਪੜਾ, ਦਵਾ ਮਿਲੇ।
ਧਰਤੀ ਦਾ ਹਰ ਬਸ਼ਿੰਦਾ, ਹਸਦਾ ਸਦਾ ਮਿਲੇ।

ਮੈਨੂੰ ਵਫ਼ਾ ਦੇ ਬਦਲੇ, ਬੇਸ਼ਕ ਜਫ਼ਾ ਮਿਲੇ।
ਕਰਦੈ ਜਫ਼ਾ ਕਰੇ ਉਹ, ਉਸਨੂੰ ਵਫ਼ਾ ਮਿਲੇ।

ਉਲਫ਼ਤ ਨਹੀਂ ਤਾਂ ਨਫ਼ਰਤ, ਸ਼ਿਕਵਾ, ਗਿਲਾ ਮਿਲੇ।
ਮੈਨੂੰ ਵੀ ਦਿਲ-ਲਗੀ ਦਾ, ਕੁਝ ਤਾਂ ਸਿਲਾ ਮਿਲੇ।

ਨਿਰਦੋਸ਼ ਨੂੰ ਤਾਂ ਹਰ ਥਾਂ, ਲਗਦੀ ਏ ਹਥਕੜੀ,
ਦੋਸ਼ੀ ਨੂੰ ਕਿਸ ਅਦਲ 'ਚੋਂ, ਦੱਸੋ ਸਜ਼ਾ ਮਿਲੇ?

ਝਗੜਾ ਇਹ ਆਪਣਾ ਹੈ, ਆ ਬਹਿ ਕੇ ਹੱਲ ਕਰ,
ਲੋਕੀਂ ਤਾਂ ਚਾਹੁੰਦੇ ਨੇ ਕਿ- ਅੱਗ ਨੂੰ ਹਵਾ ਮਿਲੇ।

ਝੱਲਿਆ ਦਿਲਾ! ਕਿਸੇ ਨੂੰ, ਨਾ ਦਾਗ਼ਦਾਰ ਕਹਿ,
ਕੋਈ ਸੁਧਾ ਹੀ ਚੰਗਾ, ਨਾ ਹੀ ਬੁਰਾ ਮਿਲੇ।

ਜਦ ਉਹ ਸਤਾਉਂਦਾ ਹੈ ਤਾਂ, ਮੈਨੂੰ ਮਿਲੇ ਮਜ਼ਾ,
ਮੈਨੂੰ ਸਤਾ ਕੇ ਪਰ ਕੀ, ਉਸ ਨੂੰ ਮਜ਼ਾ ਮਿਲੇ ?

ਮਹਿਕਾਂ ਖਿੰਡਾ ਗਈ ਸੀ, ਇਸ ਜ਼ਿੰਦਗੀ 'ਚ ਜੋ,
ਹੁਣ ਵੀ ਤਾਂ ਉਸ ਕਲੀ ਦਾ, ਕੁਝ ਥਹੁ-ਪਤਾ ਮਿਲੇ।

ਫੋਲਾਂ ਮੈਂ ਜਦ ਵੀ 'ਦਾਦਰ' ਦਿਲ ਦੀ ਕਿਤਾਬ ਨੂੰ,
ਉਸ ਦੇ ਸਿਤਮ ਦਾ ਭਰਿਆ, ਹਰ ਇਕ ਸਫ਼ਾ ਮਿਲੇ।

•

## ਛੱਬੀ

ਬੜੀ ਹੀ ਦੇਰ ਤੋਂ ਇਹ ਕਹਿਰ ਢਾਈ ਜਾ ਰਿਹੈ ਕੋਈ।
ਉਨ੍ਹਾਂ ਦਾ ਨਾਮ ਲੈ ਲੈ ਕੇ, ਸਤਾਈ ਜਾ ਰਿਹੈ ਕੋਈ।

ਉਦ੍ਹਾ ਚੇਤਾ ਭੁਲਾਉਣੇ ਨੂੰ, ਮੈਂ ਸਾਕੀ! ਮੈਕਦਾ ਲੱਭਿਆ,
ਮਗਰ ਏਥੇ ਵੀ ਉਸ ਦੀ ਬਾਤ ਪਾਈ ਜਾ ਰਿਹੈ ਕੋਈ।

ਉਹ ਮੇਰਾ ਪਿਆਰ ਹੈ, ਰਬ ਹੈ, ਮੈਂ ਉਸ ਦੀ ਪੂਜਾ ਕਰਦਾ ਹਾਂ,
ਮਗਰ ਉਹ ਭੈੜਾ, ਮੈਨੂੰ ਹੀ ਬਣਾਈ ਜਾ ਰਿਹੈ 'ਕੋਈ' ।

ਐ ਮੇਰੇ ਨਗ਼ਮਿਓਂ! ਜਾ ਕੇ ਪ੍ਰੀਤਮ ਨੂੰ ਇਹ ਕਹਿ ਆਵੋ,
ਕਿ ਉਸ ਦੀ ਯਾਦ ਵਿਚ ਖ਼ੁਦ ਨੂੰ ਮਿਟਾਈ ਜਾ ਰਿਹੈ ਕੋਈ।

ਅਸੀਂ ਸਿਜ਼ਦਾ ਮੁਹੱਬਤ ਨੂੰ, ਕਰੀ ਜਾਂਦੇ ਆਂ ਹੁਣ ਵੀ, ਪਰ
ਬਸ਼ਿੰਦਾ ਮਹਿਲਾਂ ਦਾ ਉਹਨੂੰ, ਲੁਭਾਈ ਜਾ ਰਿਹੈ ਕੋਈ।

ਤੁਹਾਡੀ ਯਾਦ ਸਾਡੇ ਕੋਲ ਬਾਕੀ ਹੈ, ਪਤੈ ਥੋਨੂੰ ?
ਕਿ ਉਸ ਦੇ ਆਸਰੇ ਜੀਵਨ, ਬਿਤਾਈ ਜਾ ਰਿਹੈ ਕੋਈ।

ਇਹ ਲੋਕੀਂ ਮੈਨੂੰ ਸ਼ਾਇਰ ਆਖਦੇ ਨੇ, ਲਿਖਣ ਕਰਕੇ, ਪਰ
ਅਸਲ ਵਿਚ ਮੈਂ ਨਹੀਂ ਲਿਖਦਾ, ਲਿਖਾਈ ਜਾ ਰਿਹੈ ਕੋਈ।

ਜਫ਼ਾ ਨਾ ਮੈਂ ਹੀ ਕਰਦਾ ਹਾਂ, ਤੇ ਨਾ ਕਰਦਾ ਹੈ 'ਦਾਦਰ' ਪਰ
ਅਸਾਨੂੰ ਪਿਆਰ ਦਾ ਦੁਸ਼ਮਣ, ਲੜਾਈ ਜਾ ਰਿਹੈ ਕੋਈ।

•



## ਸਤਾਈ

ਨਜ਼ਰ ਆਉਣਾ ਨਹੀਂ ਕੁਝ ਵੀ, ਨਾ ਝਾਕੋ ਚਿਹਰਿਆਂ ਵਿੱਚੋਂ।
ਚੜ੍ਹੀ ਹੈ ਫਿਲਮ ਕਾਲੀ, ਕੁਝ ਨਾ ਦਿਸਣਾ ਸ਼ੀਸ਼ਿਆਂ ਵਿੱਚੋਂ।

ਪਰਿੰਦਿਆਂ ਦੇ ਪਰਾਂ ਅੰਦਰ, ਬੜਾ ਜਜ਼ਬਾ ਹੈ ਉੱਡਣ ਦਾ,
ਮਗਰ ਪਰ ਕੱਟ ਦਿੱਤੇ ਨੇ, ਸ਼ਿਕਾਰੀ ਨੇ ਪਰਾਂ ਵਿੱਚੋਂ।

ਉਡੇ ਸੀ ਚੋਗ ਦੀ ਖ਼ਾਤਿਰ, ਘਰਾਂ ਨੂੰ ਪਰਤ ਨਾ ਹੋਇਆ,
ਮਿਲੇ ਐਸੇ ਨਸ਼ੀਲੇ ਦਾਣੇ, ਸਾਨੂੰ ਚੋਗਿਆਂ ਵਿੱਚੋਂ।

ਚਮਨ ਦੇ ਵਿਚ ਹਜ਼ਾਰਾਂ ਹੀ, ਰੋਜ਼ਾਨਾ ਫੁੱਲ ਖਿੜਦੇ ਨੇ,
ਮਗਰ ਖਿੜਦੇ ਨੇ ਫੁੱਲਾਂ ਵਾਂਗ, ਕੁਝ ਹੀ ਸਾਰਿਆਂ ਵਿੱਚੋਂ।

ਉਹ ਲੈ ਗਏ ਵਰਗਲਾ ਕੇ, ਕਾਫ਼ਿਲੇ ਨੂੰ ਬੇਬਸੀ ਤੀਕਰ,
ਮੁਸਾਫ਼ਿਰ ਪਰਤ ਆਏ ਭਟਕਦੇ ਹੀ ਰਸਤਿਆਂ ਵਿੱਚੋਂ।

ਸਿਆਸਤ ਤੇ ਅਦਾਵਤ ਆ ਵਸੀ ਹੈ ਹੁਣ ਇਨ੍ਹਾਂ ਅੰਦਰ,
ਸੁਰੱਖਿਅਤ ਰੱਬ ਨੂੰ ਕੱਢੋ, ਮਸੀਤਾਂ ਮੰਦਰਾਂ ਵਿੱਚੋਂ।

ਨਹੀਂ ਤਾਂ ਇੱਕ ਦਿਨ ਮਲਬਾ ਉਠਾਉਗੇ ਉਮੀਦਾਂ ਦਾ,
ਅਜੇ ਵੀ ਵਕਤ ਹੈ ਲੋਕੋ, ਕਿ ਜਾਗੋ ਸੁਪਨਿਆਂ ਵਿੱਚੋਂ।

ਇਹ ਅਜ-ਕੱਲ੍ਹ ਜ਼ਿੰਦਗੀ ਨੂੰ ਟੁੰਬਦੀ ਵੰਗਾਰਦੀ ਲੰਘੇ,
ਗ਼ਜ਼ਲ ਹੁਣ ਨਿਕਲ ਆਈ ਹੈ, ਮੈਖ਼ਾਨੇ-ਮਹਿਫ਼ਿਲਾਂ ਵਿੱਚੋਂ।

ਮੁਸਾਫ਼ਿਰ ਘੱਟ ਨੇ ਤੇ ਰਹਿਬਰਾਂ ਦੀ ਭੀੜ ਹੈ ਭਾਰੀ,
ਯਕੀਨਨ ਕਾਫ਼ਿਲੇ ਗੁਜ਼ਰਨਗੇ 'ਦਾਦਰ' ਮੁਸ਼ਕਿਲਾਂ ਵਿੱਚੋਂ।

•

## ਅਠਾਈ

ਜੋ ਹਮਸਾਇਆਂ ਨਾਲ ਅੜਿੱਕੇ ਪਾਉਂਦੇ ਨੇ।
ਬਹੁਤਾ ਚਿਰ ਨਾ ਉਹ ਸੁਖ-ਚੈਨ ਹੰਢਾਉਂਦੇ ਨੇ।

ਕੌਣ ਕਿਸੇ ਦੇ ਮਾਤਮ ਉੱਤੇ ਰੋਂਦਾ ਹੈ,
ਸਭ ਨੂੰ ਅਪਣੇ ਵਿਛੜੇ ਚੇਤੇ ਆਉਂਦੇ ਨੇ।

ਘਰ ਦੇ ਰੰਗ-ਬਿਰੰਗੇ ਪਰਦੇ ਨਾ ਤੱਕੋ,
ਇਹ ਮਾਲਿਕ ਦਾ ਅਸਲੀ ਰੂਪ ਲੁਕਾਉਂਦੇ ਨੇ।

ਅੱਧੀ ਸਦੀ ਦਾ ਅਨੁਭਵ ਹੈ ਕਿ ਨੇਤਾ ਲੋਕ,
ਰਾਸ਼ਨ ਦੀ ਥਾਂ ਭਾਸ਼ਨ ਪੱਲੇ ਪਾਉਂਦੇ ਨੇ।

ਕਿੱਦਾਂ ਟੱਕਰ ਮਾਰਨਗੇ ਤੂਫ਼ਾਨਾਂ ਨਾਲ,
ਲੋਕ ਤਾਂ ਕਤਰੇ ਕੋਲੋਂ ਵੀ ਘਬਰਾਉਂਦੇ ਨੇ।

ਮੇਰੇ ਦੁਖ-ਸੁਖ ਦੇ ਕਾਹਦੇ ਸਾਥੀ ਨੇ ਯਾਰ,
ਵਿਹਲ ਮਿਲੇ ਤਾਂ ਖ਼ਬਰ-ਸਾਰ ਨੂੰ ਆਉਂਦੇ ਨੇ।

ਇੱਕ ਮੁਹੱਬਤ ਦਫ਼ਨਾਅ ਕੇ ਤੂੰ ਚੀਕ ਪਿਐਂ,
ਲੋਕੀਂ ਦਿਲ ਵਿਚ ਲੱਖਾਂ ਚਾਅ ਦਫ਼ਨਾਉਂਦੇ ਨੇ।

ਕਿਤੇ ਕਿਤੇ ਉਹ ਪਿਆਰ ਅਜੇ ਵੀ ਮਿਲ ਜਾਂਦੈ,
ਲੋਕੀਂ ਥਾਂ ਥਾਂ ਜਿਸਦੇ ਨਗ਼ਮੇ ਗਾਉਂਦੇ ਨੇ।

ਯਾਰਾਂ ਦੀ ਗਲਵੱਕੜੀ ਵਿਚ ਹੁਣ ਨਿੱਘ ਨਹੀਂ,
ਮਤਲਬ ਨੂੰ ਉਹ ਘੁਟ-ਘੁਟ ਸੀਨੇ ਲਾਉਂਦੇ ਨੇ।

ਨੀਂਦ ਚੁਰਾ ਕੇ ਲੈ ਜਾਂਦੇ ਨੇ ਅੱਖਾਂ 'ਚੋਂ,
ਅਜ-ਕਲ੍ਹ ਮੈਨੂੰ ਕੈਸੇ ਸੁਪਨੇ ਆਉਂਦੇ ਨੇ।

ਕਿਉਂ ਤੂੰ ਦਰਵਾਜ਼ੇ 'ਤੇ 'ਦਾਦਰ' ਲਿਖ ਛੱਡਿਐ?
ਨਾਂ ਪੜ੍ਹ ਕੇ ਉਹ ਆ ਕੁੰਡਾ ਖੜਕਾਉਂਦੇ ਨੇ।

•



## ਉਨੱਤੀ

ਸ਼ਕਲ-ਸੂਰਤ ਨੂੰ ਹੀ ਏਨਾਂ ਪਿਆਰ ਨਾ ਕਰ ਦੋਸਤਾ!
ਦੋ ਦਿਨਾਂ ਦੇ ਰੂਪ ਦਾ ਇਤਬਾਰ ਨਾ ਕਰ ਦੋਸਤਾ!

ਸੱਚ ਹੈ, ਏਥੇ ਸਮੇਂ ਤੋਂ ਪਹਿਲਾਂ ਕੁਝ ਮਿਲਦਾ ਨਹੀਂ,
ਵਕਤ ਨਾਲੋਂ ਤੇਜ਼ ਤੂੰ ਰਫ਼ਤਾਰ ਨਾ ਕਰ ਦੋਸਤਾ!

ਕੱਟ ਲਵਾਂਗਾ ਜ਼ਿੰਦਗੀ ਮੈਂ, ਕਰਦਿਆਂ ਹੋਇਆਂ ਉਡੀਕ,
ਆਉਣ ਦਾ ਲਾਰਾ ਹੀ ਲਾ, ਇਨਕਾਰ ਨਾ ਕਰ ਦੋਸਤਾ!

ਫੁੱਲ ਉਲਫ਼ਤ ਦੇ ਖਿੜਾ ਤੂੰ ਜ਼ਿੰਦਗੀ ਦੇ ਬਾਗ਼ ਵਿਚ,
ਪੈਦਾ ਥਾਂ-ਥਾਂ ਨਫ਼ਰਤਾਂ ਦੇ ਖ਼ਾਰ ਨਾ ਕਰ ਦੋਸਤਾ!

ਸੁਕ-ਪੁਕੇ ਵਿਚ, ਠੀਕ ਮੌਸਮ ਵਿਚ ਤਾਂ ਉਹ ਆਏ ਨਹੀਂ,
ਮੀਂਹ-ਕਣੀ ਵਿਚ ਆਉਣਗੇ, ਇਤਬਾਰ ਨਾ ਕਰ ਦੋਸਤਾ!

ਜਿੱਤਣਾ ਤੇ ਹਾਰਨਾ ਤਾਂ ਜ਼ਿੰਦਗੀ ਦੀ ਰੀਤ ਹੈ,
'ਹਾਰ' ਨੂੰ ਪਰ ਤੂੰ ਗਲੇ ਦਾ 'ਹਾਰ' ਨਾ ਕਰ ਦੋਸਤਾ!

ਦਿਲ ਦੇ ਦਰਵਾਜ਼ੇ, ਝਰੋਖੇ ਰੱਖ ਸਭ ਲਈ ਖੋਲ੍ਹ ਕੇ,
ਬੰਦ ਇਨ੍ਹਾਂ ਨੂੰ ਕਰਕੇ, ਮਨ ਬੀਮਾਰ ਨਾ ਕਰ ਦੋਸਤਾ!

ਪਿਆਰ ਦੇ ਜਜ਼ਬੇ ਦੇ ਫੁੱਲਾਂ ਨੂੰ ਨਾ ਪੈਰਾਂ ਵਿਚ ਕੁਚਲ,
ਹਾਰ ਜਾਵੇਂਗਾ, ਯਤਨ ਬੇਕਾਰ ਨਾ ਕਰ ਦੋਸਤਾ!

ਹੋ ਸਕੇ ਤਾਂ 'ਦਾਦਰਾ' ਮੁਸ਼ਕਿਲ ਕਿਸੇ ਦੀ ਕਰ ਅਸਾਨ,
ਪਰ ਕਿਸੇ ਦੀ ਜ਼ਿੰਦਗੀ ਦੁਸ਼ਵਾਰ ਨਾ ਕਰ ਦੋਸਤਾ!

•

## ਤੀਹ

ਪਿਆਰ ਲਿਖ, ਸਤਿਕਾਰ ਲਿਖ, ਅਧਿਕਾਰ ਲਿਖ, ਲਲਕਾਰ ਲਿਖ!
ਜ਼ਿੰਦਗੀ ਦੀ ਆਰਜ਼ੂ ਦੇ ਸੱਚ ਦੇ ਅਨੁਸਾਰ ਲਿਖ!

ਜ਼ਿੰਦਗੀ ਕਹਿੰਦੀ ਹੈ , ਬਾਰ-ਮ-ਬਾਰ ਸਭ ਨੂੰ ਪਿਆਰ ਲਿਖ!
ਭੁੱਲ ਜਾ ਸ਼ਿਕਵੇ ਗਿਲੇ, ਤਕਰਾਰ ਨਾ ਇਨਕਾਰ ਲਿਖ!

ਜ਼ਖ਼ਮ ਨੂੰ ਫੁੱਲ ਆਖਕੇ ਧੋਖਾ ਨਾ ਕਰ ਲੋਕਾਂ ਦੇ ਨਾਲ,
ਜ਼ਖ਼ਮ ਨੂੰ ਤੂੰ ਜ਼ਖ਼ਮ ਲਿਖ, ਤੇ ਜ਼ਖ਼ਮ ਦਾ ਉਪਚਾਰ ਲਿਖ!

ਭੇਜ ਨਾ ਮੇਰੇ ਲਈ ਤੂੰ ਕੀਮਤੀ ਤੋਅਫ਼ੇ ਬਿਸ਼ਕ,
ਤਰਸਦਾ ਹੈ ਪਿਆਰ ਨੂੰ ਦਿਲ, ਚਿੱਠੀ ਵਿਚ ਤੂੰ ਪਿਆਰ ਲਿਖ!

ਯਾਦ ਕਰ! ਹੋਈ ਤਾਂ ਹੈ ਗ਼ਲਤੀ ਕਿਤੇ ਤੈਥੋਂ ਜ਼ਰੂਰ,
ਤਾਂ ਹੀ ਦੁਖ ਦੁਨੀਆਂ ਦੇ ਤੇਰੇ ਲਈ ਰਿਹੈ ਦਾਤਾਰ ਲਿਖ!

ਜੇ ਕਿਸੇ ਭਟਕੇ ਨੂੰ ਇਹ ਰਸਤਾ ਵਿਖਾ ਸਕਦੀ ਨਹੀਂ,
ਛੱਡ ਦੇ ਫਿਰ ਸ਼ਾਇਰੀ ਤੂੰ, ਐਵੇਂ ਨਾ ਬੇਕਾਰ ਲਿਖ!

ਉਸਦਿਆਂ ਪੈਰਾਂ 'ਚ ਘੁੰਗਰੂ, ਬੇਬਸੀ ਦੀ ਦੇਣ ਨੇ,
ਇਹ ਉਦ੍ਹੀ ਮਜਬੂਰੀ ਹੈ, ਨਾ ਸ਼ੌਕ, ਨਾ ਕਿਰਦਾਰ ਲਿਖ!

ਰਹਿਣ ਦੇ, ਤੂੰ ਰਹਿਣ ਦੇ, ਦੁਖ-ਦਰਦ ਅਪਣੇ ਰਹਿਣ ਦੇ,
ਲੋਕਤਾ ਦਾ ਦਰਦ ਭਾਵੇਂ 'ਦਾਦਰਾ' ਸੌ ਵਾਰ ਲਿਖ!

•



## ਇਕੱਤੀ

ਸਭ ਦੀਆਂ ਨਜ਼ਰਾਂ 'ਚ ਅਜ-ਕਲ੍ਹ ਰੜਕਦੇ ਹਾਂ ਦੋਸਤੋ!
ਕਰਦੇ ਹਾਂ ਬੇਬਾਕੀਆਂ, ਸਚ ਬੋਲਦੇ ਹਾਂ ਦੋਸਤੋ!

ਪਰਦਿਆਂ ਪਿੱਛੇ ਜੋ ਹੁੰਦਾ ਹੈ, ਉਹ ਆਉਂਦਾ ਹੈ ਨਜ਼ਰ,
ਬੰਦ ਕਰਕੇ ਅੱਖਾਂ ਸਭ ਕੁਝ ਵੇਖਦੇ ਹਾਂ ਦੋਸਤੋ!

ਆਉਣ ਵਾਲੀ ਨਸਲ ਨੂੰ ਹਾਂ ਦੇ ਰਹੇ ਤੁਅਫ਼ਾ ਹੁਸੀਨ,
ਗਮਲਿਆਂ ਵਿਚ ਬੋੜ੍ਹ, ਪਿੱਪਲ ਬੀਜਦੇ ਹਾਂ ਦੋਸਤੋ!

ਪੱਥਰਾਂ ਦੇ ਸ਼ਹਿਰ ਵਿਚ ਕਿਉਂ ਲੈ ਕੇ ਆਪਾਂ ਗੁਲ-ਬਦਨ,
ਪਹਿਨਕੇ ਸ਼ੀਸ਼ੇ ਦੇ ਵਸਤਰ ਨਿਕਲਦੇ ਹਾਂ ਦੋਸਤੋ!

ਕਤਲ ਸੌ ਵਾਰੀ ਖ਼ੁਆਬਾਂ ਦਾ ਬਿਸ਼ਕ ਹੁੰਦਾ ਰਹੇ,
ਫੇਰ ਵੀ ਸੁਪਨੇ ਸੁਨਿਹਰੀ ਸਿਰਜਦੇ ਹਾਂ ਦੋਸਤੋ!

ਪੈਰੀਂ ਪਈਆਂ ਬੇੜੀਆਂ ਨੂੰ ਸਮਝ ਬੈਠੇ ਝਾਂਜਰਾਂ,
ਸ਼ੋਰ ਨੂੰ ਸੰਗੀਤ ਕਹਿ ਕੇ ਥਿਰਕਦੇ ਹਾਂ ਦੋਸਤੋ!

ਆਪਣੇ ਘਰ ਸਾਰਾ ਕੁਝ ਹੈ ਪਰ ਨਜ਼ਰ ਆਉਂਦਾ ਨਹੀਂ,
ਦੂਜਿਆਂ ਦੇ ਘਰ 'ਚ ਜਾ ਕੇ ਝਾਕਦੇ ਹਾਂ ਦੋਸਤੋ!

ਡਾਕਟਰ ਵਧੀਆ ਨੇ 'ਦਾਦਰ', ਹੈ ਦਵਾ-ਦਾਰੂ ਬਹੁਤ,
ਮਛਲੀਆਂ ਦੇ ਵਾਂਗ ਫਿਰ ਵੀ ਤੜਪਦੇ ਹਾਂ ਦੋਸਤੋ!

•

## ਬੱਤੀ

ਸ਼ੌਕ ਜਿਹਨਾਂ ਦਾ ਹੈ, ਖੇਡਣਾ ਅੰਗਾਰਿਆਂ ਦੇ ਨਾਲ।
ਕਦੇ ਖੇਡਦੇ ਨਹੀਂ ਵੇਖੇ ਉਹ ਗ਼ੁਬਾਰਿਆਂ ਦੇ ਨਾਲ।

ਬੜੀ ਦੇਰ ਸਾਨੂੰ ਚਾਰਿਆ ਤੂੰ ਲਾਰਿਆਂ ਦੇ ਨਾਲ।
ਹੁਣ ਨੱਚਣਾ ਨਹੀਂ ਤੇਰਿਆਂ ਇਸ਼ਾਰਿਆਂ ਦੇ ਨਾਲ।

ਮਰ ਚੱਲੇ ਸੀ ਅਸੀਂ ਤਾਂ ਤੇਰੇ ਕਾਰਿਆਂ ਦੇ ਨਾਲ।
ਅਸੀਂ ਖ਼ੁਦ ਨੂੰ ਬਚਾਇਆ ਬੜੇ ਚਾਰਿਆਂ ਦੇ ਨਾਲ।

ਮਾਰ ਵਕਤ ਦੀ ਖਾਧੀ ਅਸੀਂ ਹਿੱਕ ਤਾਣਕੇ,
ਸਾਨੂੰ ਦੋਸਤੋ! ਰਲਾਓ ਨਾ ਵਿਚਾਰਿਆਂ ਦੇ ਨਾਲ।

ਗੱਲ ਲੋਕਾਂ ਦੀ ਜੇ ਕਰਨੀ ਤਾਂ ਲੋਕਾਂ ਨਾਲ ਖੜ੍ਹ,
ਜੇ ਤੂੰ ਢਾਰਿਆਂ ਦੈਂ, ਪਿਆਰ ਕਿਉਂ ਚੁਬਾਰਿਆਂ ਦੇ ਨਾਲ?

ਉਹਨੇ ਕਤਲ ਨੇ ਕੀਤੇ ਅਪਣੇ ਹੀ ਹਮਸਾਏ,
ਉੱਤੋਂ ਰਾਖਾ ਹੈ ਉਹ, ਵਿੱਚੋਂ ਹਤਿਆਰਿਆਂ ਦੇ ਨਾਲ।

ਓਦੋਂ ਰੰਗਲੇ ਚੁਬਾਰੇ ਸਾਨੂੰ ਫਿੱਕੇ ਫਿੱਕੇ ਲੱਗੇ,
ਜਦੋਂ ਅੱਖ ਤੂੰ ਮਿਲਾਈ ਸਾਡੇ ਢਾਰਿਆਂ ਦੇ ਨਾਲ।

ਕਿੰਜ ਆਖਦਿਆਂ, ਲੋਕੀਂ ਸਾਥੋਂ ਜਿੱਤ ਗਏ ਨੇ ਬਾਜ਼ੀ,
ਅਸੀਂ ਖ਼ੁਦ ਨੂੰ ਰਲਾਇਆ ਨਹੀਂ ਜੇ ਹਾਰਿਆਂ ਦੇ ਨਾਲ।

ਸੱਚ, ਤਰਕ, ਨਿਆਂ ਦੀ ਗੱਲ ਕਰਦੇ ਨੇ ਜਿਹੜੇ,
ਉਹ ਨੇ ਯੁਗਾਂ ਤੋਂ ਚਿਰਾਏ ਜਾਂਦੇ ਆਰਿਆਂ ਦੇ ਨਾਲ।

ਜਿਹਦੇ ਵਾਅਦਿਆਂ ਦੇ ਬੇੜੇ ਨੇ ਸੀ ਪਾਰ ਮੈਨੂੰ ਲਾਉਣਾ,
ਮੈਨੂੰ ਡੋਬ ਗਿਆ ਆਪਣੇ ਉਹ ਲਾਰਿਆਂ ਦੇ ਨਾਲ।

ਕਿਤੇ 'ਦਾਦਰ' ਜੇ ਮਿਲੇ, ਉਹਨੂੰ ਪੁੱਛਣਾ ਜ਼ਰੂਰ,
ਕਿਹੜੀ ਗੱਲੋਂ ਖ਼ਫ਼ਾ ਹੋ ਗਿਓਂ ਪਿਆਰਿਆਂ ਦੇ ਨਾਲ।

ਦੋਹਾਂ ਬੇੜੀਆਂ 'ਚ ਹੋ ਕੇ ਅਸੀਂ 'ਦਾਦਰ' ਸਵਾਰ,
ਕਦੇ ਲੱਗ ਸਕੇ ਆ ਕੇ ਨਾ ਕਿਨਾਰਿਆਂ ਦੇ ਨਾਲ।



## ਤੇਤੀ

ਰਿਸ਼ਤਿਆਂ ਵਿਚ ਦਿਲਕਸ਼ੀ ਪੈਦਾ ਕਰੋ!
ਸੋਚ ਵਿਚ ਪਾਕੀਜ਼ਗੀ ਪੈਦਾ ਕਰੋ!

ਲੁਤਫ਼ ਦੇਵੇਗੀ ਮੁਹੱਬਤ ਹੋਰ ਵੀ,
ਇਸ 'ਚ ਕੁਝ ਨਾਰਾਜ਼ਗੀ ਪੈਦਾ ਕਰੋ!

ਮਨ ਤੇ ਮਸਤਕ ਨੂੰ ਕਰੇ ਜੋ ਨੂਰ-ਨੂਰ,
ਸ਼ਾਇਰੋ! ਉਹ ਸ਼ਾਇਰੀ ਪੈਦਾ ਕਰੋ!

ਜ਼ਿੰਦਗੀ ਜ਼ਿੰਦਾ-ਦਿਲੀ ਦਾ ਨਾਮ ਹੈ,
ਇਸ ਦੇ ਵਿਚ ਨਾ ਬੁਜ਼ਦਿਲੀ ਪੈਦਾ ਕਰੋ!

ਇਹ ਤਾਂ ਹਿੰਦੂ, ਸਿੱਖ, ਮੁਸਲਿਮ ਬਣ ਗਏ,
ਧਰਤ 'ਤੇ ਫਿਰ ਆਦਮੀ ਪੈਦਾ ਕਰੋ!

ਦੋਸਤਾਂ 'ਤੇ ਮਾਣ ਕਰਨੈ ਠੀਕ, ਪਰ
ਨਾ ਕਿਸੇ ਸੰਗ ਦੁਸ਼ਮਣੀ ਪੈਦਾ ਕਰੋ!

ਪੱਥਰਾਂ ਵਾਂਗੂੰ ਨਾ ਢੋਵੋ ਜ਼ਿੰਦਗੀ,
ਇਸ 'ਚ ਕੁਝ ਕਾਰੀਗਰੀ ਪੈਦਾ ਕਰੋ!

ਨੇਰ੍ਹਿਆਂ ਦੇ ਨਾਲ ਜੇ ਕਰ ਜੂਝਣੈ,
ਇਲਮ ਦੀ ਮੱਥੇ 'ਮਣੀ' ਪੈਦਾ ਕਰੋ!

ਖਿੜਕੀਆਂ ਖੁੱਲ੍ਹੀਆਂ ਮਸਾਂ ਹਰ ਘਰ ਦੀਆਂ,
ਫਿਰ ਨਾ ਥਾਂ-ਥਾਂ ਖਲਬਲੀ ਪੈਦਾ ਕਰੋ!

ਲੋੜ ਨਹੀਂ ਮੰਦਰ-ਮਸੀਤੀਂ ਜਾਣ ਦੀ,
ਦਿਲ 'ਚ 'ਦਾਦਰ' ਬੰਦਗੀ ਪੈਦਾ ਕਰੋ!

•

## ਚੌਤੀ

ਦੁਸ਼ਮਣਾਂ ਜੋ ਜ਼ਖ਼ਮ ਲਾਏ, ਹੌਲੀ-ਹੌਲੀ ਭਰ ਗਏ।
ਜ਼ਖ਼ਮ ਉਹ ਭਰਦੇ ਨਹੀਂ, ਮਿੱਤਰ ਜੋ ਦਿਲ 'ਤੇ ਕਰ ਗਏ।

ਫ਼ਸਲ ਜਦ ਪੱਕੀ ਮੇਰੀ, ਖ਼ੁਸ਼ੀਆਂ ਤੇ ਚਾਵਾਂ ਦੀ ਸਜਨ,
ਤੇਰੀਆਂ ਯਾਦਾਂ ਦੇ ਬੱਦਲ ਆ ਕੇ ਜਲ-ਥਲ ਕਰ ਗਏ।

ਜ਼ੁਲਮ ਦੀ ਡਾਢੀ ਹਨੇਰੀ ਰਾਤ ਸੀ, ਪਰ ਮੁਕ ਗਈ,
ਵੇਖ! ਸਾਡੇ ਵਿਹੜੇ ਫਿਰ ਤੋਂ ਰੌਸ਼ਨੀ ਸੰਗ ਭਰ ਗਏ।

ਜ਼ਿੰਦਾ ਹੈ ਗ਼ੈਰਤ ਜਿਨ੍ਹਾਂ ਦੀ, ਮਰ ਕੇ ਵੀ ਜ਼ਿੰਦਾ ਨੇ ਉਹ,
ਮਰ ਗਈ ਗ਼ੈਰਤ ਜਿਨ੍ਹਾਂ ਦੀ, ਜਿਉਂਦੇ ਜੀ ਉਹ ਮਰ ਗਏ।

ਨਾਲ ਮੇਰੇ ਚੱਲਦੇ ਚੱਲਦੇ, ਤੁਰ ਗਏ ਉਹ ਦੂਰ ਕੀ ?
ਮੰਜ਼ਿਲੇ-ਮਕਸੂਦ ਤੋਂ ਹੀ ਦੂਰ ਮੈਨੂੰ ਕਰ ਗਏ।

ਸੋਚਣਾ ਬਣਦਾ ਹੈ, ਇਸ ਦੇ ਪਿੱਛੇ ਕਿਹੜਾ ਰਾਜ਼ ਹੈ ?
ਉਹ ਬਿਨਾ ਸੰਘਰਸ਼ ਦੇ, ਬਾਜ਼ੀ ਕਿਵੇਂ ਸਰ ਕਰ ਗਏ।

ਨੈਣ ਨਸ਼ਿਆਏ ਸੀ ਜਿਹੜੇ, ਉਸ ਦੀ ਆਮਦ 'ਤੇ ਕਦੀ,
ਅਲਵਿਦਾ ਅੱਜ ਕਹਿਣ ਵੇਲੇ, ਨੈਣ ਓਹੀ ਭਰ ਗਏ।

ਸਾਡੀਆਂ ਨਾੜਾਂ 'ਚ 'ਦਾਦਰ' ਉਹਨਾਂ ਦਾ ਹੀ ਖ਼ੂਨ ਹੈ,
ਹਸਦੇ ਹਸਦੇ ਮੌਤ ਨੂੰ ਜੋ ਲੋਕਤਾ ਲਈ ਵਰ ਗਏ।

•



## ਪੈਂਤੀ

ਕਿਸੇ ਦੇ ਵਾਸਤੇ ਲੋਕੀਂ ਕਿਵੇਂ ਹਨ ਪਾਲਦੇ ਨਫ਼ਰਤ।
ਹਟਾ ਕੇ ਦਿਲ 'ਚੋਂ ਉਲਫ਼ਤ, ਦਿਲ 'ਚ ਨੇ ਸੰਭਾਲਦੇ ਨਫ਼ਰਤ।

ਇਹ ਤੇਰੀ ਜਾਨ ਦੀ ਦੁਸ਼ਮਣ, ਇਹ ਤੇਰੀ ਜਾਨ ਕੱਢੂਗੀ,
ਇਕੱਠੀ ਨਾ ਕਰੀ ਜਾ ਦਿਲ 'ਚ ਬੰਦੇ, ਜਾਲਦੇ ਨਫ਼ਰਤ।

ਕਲਰ ਟੀ.ਵੀ., ਫ਼ਰਿੱਜ, ਕੂਲਰ, ਸਕੂਟਰ ਦਾਜ ਵਿਚ ਮਿਲਿਐ,
ਮਗਰ ਫਿਰ ਵੀ ਬਹੂ ਨੂੰ ਕਰਦੇ ਨੇ, ਸੁਸਰਾਲ ਦੇ ਨਫ਼ਰਤ।

ਤੂੰ ਸ਼ਾਇਰ ਏਂ, ਤੂੰ ਫ਼ੱਕਰ ਏਂ, ਇਦ੍ਹੇ ਸੰਗ ਵਾਸਤਾ ਨਾ ਰੱਖ,
ਮੁਹੱਬਤ ਦਾ ਪੁਜਾਰੀ ਏਂ, ਤੂੰ ਹੱਸ ਕੇ ਟਾਲ ਦੇ ਨਫ਼ਰਤ।

ਇਵੇਂ ਬੇਆਬਰੂ ਨਾ ਕਰ ਤੂੰ ਮੈਨੂੰ ਹਰਿਕ ਮਹਿਫ਼ਲ ਵਿਚ,
ਤੂੰ ਇਕ ਵਾਰੀ ਹੀ ਜਿੰਨੀ ਦਿਲ 'ਚ ਹੈ, ਹੰਘਾਲ ਦੇ ਨਫ਼ਰਤ।

ਲਿਖੀ ਹੈ ਸੁਹਣੇ ਦੀ ਉਲਫ਼ਤ ਰਕੀਬਾਂ ਦੇ ਮੁਕੱਦਰ ਵਿਚ,
ਅਸੀਂ ਤਾਂ ਅਪਣੇ ਹਿੱਸੇ ਦੀ ਹਾਂ ਉਸ ਤੋਂ ਭਾਲਦੇ ਨਫ਼ਰਤ।

ਬਿਸ਼ਕ ਉਹ ਪਿਆਰ ਦਾ ਹਾਸਾ ਉਡਾ ਕੇ ਤੁਰ ਗਿਐ ਰੱਬਾ!
ਮਗਰ ਫਿਰ ਵੀ ਲਿਖੀਂ ਨਾ ਲੇਖੀਂ ਉਸ ਕੰਗਾਲਦੇ ਨਫ਼ਰਤ।

ਮੁਹੱਬਤ ਗ਼ੈਰ ਨੂੰ ਕਰਨੀ, ਉਦ੍ਹੀ ਜਾਇਜ਼ ਹੀ ਲਗਦੀ ਹੈ,
ਕਿ ਜਿਸ ਦੇ ਨਾਲ ਕਰ ਜਾਂਦੇ ਨੇ, ਉਸ ਦੇ ਨਾਲ ਦੇ ਨਫ਼ਰਤ।

ਅਥਾਹ ਉਲਫ਼ਤ ਰਕੀਬਾਂ ਨਾਲ ਵੀ ਕੀਤੀ ਹੈ ਮੈਂ 'ਦਾਦਰ',
ਖ਼ੁਦਾ ਜਾਣੇ ਮੇਰੇ ਤੋਂ ਮੇਰੇ ਕਿਉਂ ਨੇ ਭਾਲਦੇ ਨਫ਼ਰਤ।

•

## ਛੱਤੀ

ਜਿੱਦਾਂ ਰੁੱਖ ਨਿਰਪੱਖ ਲੁਟਾਉਂਦੇ, ਅਪਣੇ ਫਲ, ਫੁੱਲ, ਛਾਵਾਂ।
ਐਸਾ ਹੀ ਮੋਹ ਪਾਲਦੀਆਂ ਨੇ, ਧੀਆਂ, ਭੈਣਾਂ, ਮਾਵਾਂ।

ਮੈਂ ਇਹ ਆਸ ਵਸਾ ਕੇ ਦਿਲ ਵਿਚ, ਹਰਦਮ ਚਲਦਾ ਜਾਵਾਂ।
ਇਕ ਨਾ ਇਕ ਦਿਨ ਮਿਲ ਜਾਵੇਗਾ, ਮੰਜ਼ਿਲ ਦਾ ਸਿਰਨਾਵਾਂ।

ਗ਼ਮ ਹੈ ਮੇਰਾ ਸਾਥ ਨਿਭਾਉਂਦਾ, ਕਰਦੈ ਹੱਥੀਂ ਛਾਵਾਂ।
ਫਿਰ ਮੈਂ ਕਿਉਂ ਨਾ ਗ਼ਮ ਨੂੰ ਪੂਜਾਂ, ਗ਼ਮ ਦੇ ਨਗ਼ਮੇਂ ਗਾਵਾਂ?

ਭਾਈਆਂ, ਪੰਡਿਤਾਂ ਅਤੇ ਕਾਜ਼ੀਆਂ, ਨਫ਼ਰਤ ਦੇ ਬੀਅ ਬੀਜੇ,
ਐਪਰ ਇਸ ਨੂੰ ਪਾਣੀ ਦਿੱਤਾ, ਦੇਸ਼ ਦਿਆਂ ਨੇਤਾਵਾਂ।

ਅਪਣੀ ਅਪਣੀ ਆਦਤ ਤੋਂ ਮਜਬੂਰ ਹਾਂ ਆਪਾਂ ਦੋਵੇਂ,
ਨੇਰ੍ਹੀਏ! ਤੂੰ ਨਿੱਤ ਦੀਪ ਬੁਝਾਵੇਂ, ਮੈਂ ਨਿੱਤ ਦੀਪ ਜਗਾਵਾਂ।

ਢੌਂਗ ਰਚਾ ਕੇ ਯਾਰੀ ਦਾ, ਹਨ ਅੱਖੀਂ ਘੱਟਾ ਪਾਉਂਦੇ,
ਕੌਣ ਪਰਾਈਆਂ ਤਾਈਂ ਸਮਝੇ, ਧੀਆਂ, ਭੈਣਾਂ, ਮਾਵਾਂ।

ਹੌਲੀ-ਹੌਲੀ ਝਾੜ ਗਿਆ ਉਹ ਸਭ ਰੁੱਖਾਂ ਦੇ ਪੱਤੇ,
ਜਿਸਦੇ ਪਹਿਰੇ ਹੇਠ ਬਿਠਾਈਆਂ ਸਨ ਲੋਕਾਂ ਨੇ ਛਾਵਾਂ।

ਜਦ ਮੈਂ ਸੋਚਾਂ, ਹਰੇ-ਭਰੇ ਉਸ ਰੁੱਖ ਨੂੰ ਕੱਟਣ ਬਾਰੇ,
ਮੇਰਾ ਲੂੰ-ਲੂੰ ਸਾੜਨ ਆਵਣ, ਤੱਤੀਆਂ ਤਲਖ਼ ਹਵਾਵਾਂ।

ਓਦੋਂ ਮੈਨੂੰ ਮਾਣ ਜਿਹਾ ਹੋ ਜਾਂਦੈ ਅਪਣੇ ਉੱਤੇ,
ਵੈਰ ਭੁਲਾ ਕੇ ਦੁਸ਼ਮਣ ਨੂੰ ਜਦ ਸੀਨੇ ਨਾਲ ਮੈਂ ਲਾਵਾਂ।

ਜੇ ਕਰ ਦਿਲ ਦਾ ਮਹਿਰਮ ਮਿਲਿਆ, ਇਹ ਗੱਲ ਉਸਨੂੰ ਪੁੱਛੀਂ,
ਕਿਹੜੀ ਗਲਤੀ ਬਦਲੇ ਮੈਨੂੰ, ਦਿੱਤੀਆਂ ਸਖ਼ਤ ਸਜਾਵਾਂ ?

ਐ 'ਦਾਦਰ' ਤੂੰ ਮਸਤ ਰਿਹਾ ਕਰ, ਅਪਣੀ ਮਸਤੀ ਅੰਦਰ,
ਵਰਨਾ ਇਸ ਦੁਖ ਦੀ ਨਗਰੀ ਵਿਚ ਜੀਣਾ ਨਹੀਂ ਸੁਖਾਵਾਂ।

•



## ਸੈਂਤੀ

ਲੀਡਰਾਂ ਦੀ ਘਾਟ ਹੈ ਨਾ ਸਾਧੂਆਂ ਦੀ ਘਾਟ ਹੈ।
ਘਾਟ ਹੈ ਤਾਂ ਦੇਸ਼-ਭਗਤਾਂ, ਕਾਮਿਆਂ ਦੀ ਘਾਟ ਹੈ।

ਕਾਰਖਾਨੇ, ਕੋਠੀਆਂ ਦਾ ਕਰਦੇ ਨੇ ਨਿਰਮਾਣ ਜੋ,
ਉਹਨਾਂ ਕਾਮੇ-ਕਿਰਤੀਆਂ ਲਈ ਕਿਉਂ ਘਰਾਂ ਦੀ ਘਾਟ ਹੈ।

ਧੁਖ ਰਹੀ ਨੂੰ ਫੂਕਾਂ ਮਾਰਨ ਵਾਲੇ ਇੱਥੇ ਹਨ ਬੜੇ,
ਜਦ ਕਿ ਧੁਖਦੀ ਨੂੰ ਬੁਝਾਵਣ ਵਾਲਿਆਂ ਦੀ ਘਾਟ ਹੈ।

ਔਝੜੇ ਰਾਹੀਂ ਪਏ ਫਿਰ ਭਟਕਦੇ ਨੇ ਕਾਫ਼ਿਲੇ,
ਰਾਹਨੁਮਾਈ ਵਾਸਤੇ ਫਿਰ ਰਹਿਬਰਾਂ ਦੀ ਘਾਟ ਹੈ।

ਕਿਸ ਤਰ੍ਹਾਂ ਮੈਂ ਜ਼ਿੰਦਗੀ ਦੇ ਗੀਤ ਗਾਵਾਂ ਦੋਸਤੋ,
ਉਮਰ ਦੀ ਝੋਲੀ 'ਚ ਖ਼ੁਸ਼ੀਆਂ, ਹਾਸਿਆਂ ਦੀ ਘਾਟ ਹੈ।

ਓਸ ਨੇ ਕੀ ਸਫਲਤਾ ਦੀ ਕਦਰ ਕਰਨੀ ਹੈ ਜਨਾਬ,
ਜਿਸ ਦਿਆਂ ਪੈਰਾਂ 'ਚ ਹਾਲੀ ਛਾਲਿਆਂ ਦੀ ਘਾਟ ਹੈ।

ਹਰ ਕਿਸੇ ਅੱਗੇ ਕਿਉਂ ਝੋਲੀ ਫੈਲਾਵਾਂ ਮੈਂ, ਐ ਰਬ!
ਜਦ ਪਤੈ ਕਿ ਤੇਰੇ ਵਰਗੇ ਦਾਤਿਆਂ ਦੀ ਘਾਟ ਹੈ।

ਕੰਧ ਜ਼ੁਲਮਾਂ ਦੀ ਹੈ ਡਿੱਗਣ ਵਾਲੀ, ਦਿਲ ਨਾ ਛੱਡਣਾ,
ਕਿਰਤੀਓ, ਮਜ਼ਲੂਮੋਂ, ਇਕ-ਦੋ ਧੱਕਿਆਂ ਦੀ ਘਾਟ ਹੈ।

ਦੁਸ਼ਮਣਾਂ ਦੀ ਭੀੜ ਹੈ ਤੇਰੇ ਦੁਆਲੇ, ਤਾਂ ਕੀ ਏ?
ਤੈਨੂੰ 'ਦਾਦਰ' ਮਿੱਤਰਾਂ ਨਾ ਦੋਸਤਾਂ ਦੀ ਘਾਟ ਹੈ।

•

## ਅਠੱਤੀ

ਹਿਜਰ ਵਿਚ ਤਾਂ ਸਤਾਉਣਾ ਚਲੋ ਚਲ ਗਿਆ,
ਵਸਲ ਵਿਚ ਵੀ ਸਤਾਉਣਾ ਬੁਰੀ ਗੱਲ ਹੈ।
ਚੈਨ ਮਿਲਦਾ ਨਹੀਂ ਹੁਣ ਘੜੀ-ਪਲ਼ ਕਿਤੇ,
ਚੈਨ ਮਿਲਕੇ ਚੁਰਾਉਣਾ ਬੁਰੀ ਗੱਲ ਹੈ।

ਤੇਰੇ ਦੁਖ-ਦਰਦ ਸਾਰੇ ਨੇ ਮੇਰੇ ਸਜਨ,
ਮੇਰੇ ਦੁਖ-ਦਰਦ ਸਾਰੇ ਨੇ ਤੇਰੇ ਸਜਨ,
ਮੈਂ ਹਾਂ ਦਰਦਣ ਤੇਰੀ, ਤੂੰ ਹੈਂ ਦਰਦੀ ਮੇਰਾ,
ਦਰਦ ਹੁਣ ਕੋਈ ਛੁਪਾਉਣਾ ਬੁਰੀ ਗੱਲ ਹੈ।

ਤੇਰੀ ਤਸਵੀਰ ਦਿਲ ਵਿਚ ਵਸਾਈ ਹੈ ਮੈਂ,
ਉਸ ਖ਼ੁਦਾ ਦੀ ਖ਼ੁਦਾਈ ਭੁਲਾਈ ਹੈ ਮੈਂ,
ਮਰ-ਮਿਟੀ ਮੈਂ ਤੇਰੇ ’ਤੇ ਮੇਰੇ ਮਹਿਰਮਾ,
ਮਰ-ਮਿਟੀ ਨੂੰ ਮਿਟਾਉਣਾ ਬੁਰੀ ਗੱਲ ਹੈ।

ਬਦ-ਚਲਨ ਵੀ ਨਾ ਕਹਿ, ਬੇਹਯਾ ਵੀ ਨਾ ਕਹਿ,
ਬੇਵਫ਼ਾ ਵੀ ਨਾ ਕਹਿ, ਇਕ ਦਫ਼ਾ ਵੀ ਨਾ ਕਹਿ,
ਪਾਕ-ਦਾਮਨ ਹੈ ਮੇਰਾ ਮੇਰੇ ਹਮ-ਸਫ਼ਰ,
ਦਾਗ਼ ਦਾਮਨ ’ਤੇ ਲਾਉਣਾ ਬੁਰੀ ਗੱਲ ਹੈ।

ਹੋਰ ਕੀ ਹੈ ਇਹ, ਜੇ ਕਰ ਸ਼ਰਾਰਤ ਨਹੀਂ,
ਹਾਂ ਮੁਹੱਬਤ ਨਹੀਂ, ਇਹ ਮੁਹੱਬਤ ਨਹੀਂ,
ਆਜ਼ਮਾਉਣਾ ਜ਼ਰੂਰੀ ਹੈ ਯਾਰਾਂ ਨੂੰ ਪਰ,
ਵਾਰ-ਵਾਰ ਆਜ਼ਮਾਉਣਾ ਬੁਰੀ ਗੱਲ ਹੈ।

ਮੇਰੀ ਮਿੱਟੀ ਉਡਾਵੋ ਨਾ ਗੀਤਾਂ ਦੇ ਵਿਚ,
ਮੈਨੂੰ ਨੀਵੀਂ ਦਿਖਾਵੋ ਨਾ ਗੀਤਾਂ ਦੇ ਵਿਚ,
ਜਿਸ ਨੂੰ ਮਾਂ-ਭੈਣ ਸੁਣ ਨਾ ਸਕੇ, ਇੰਜ ਦਾ,
ਗੀਤ ਲਿਖਣਾ ਤੇ ਗਾਉਣਾ ਬੁਰੀ ਗੱਲ ਹੈ।



ਪਿਆਰ ਦੁਨੀਆਂ ਨੇ ਜਰਿਆ ਹੈ ਕਿਸ ਦੌਰ ਵਿਚ,
ਇਸ ਨੂੰ ਮਨਜ਼ੂਰ ਕਰਿਆ ਹੈ ਕਿਸ ਦੌਰ ਵਿਚ,
ਇਸ ਬੁਰੀ ਦੁਨੀਆਂ ਪਿੱਛੇ ਤੂੰ ਬਣ ਨਾ ਬੁਰਾ,
ਲੜ ਫੜਾ ਕੇ ਛੁਡਾਉਣਾ ਬੁਰੀ ਗੱਲ ਹੈ।

ਯਾ ਖ਼ੁਦਾ! ਮੈਨੂੰ ਮੇਰਾ ਖ਼ੁਦਾ ਦੇ ਮਿਲਾ,
ਮੇਰੇ ਦਿਲ ਦੀ ਤੂੰ ਸੁਣ ਲੈ ਸਦਾ ਲਈ ਸਦਾ,
ਭਾਵੇਂ ਬਰਬਾਦ ਕੀਤੈ ਉਨ੍ਹੇਂ ਮੈਨੂੰ, ਪਰ
ਘਰ ਉਜਾੜ ਬਿਨ ਵਸਾਉਣਾ ਬੁਰੀ ਗੱਲ ਹੈ।

ਯਾਦ ਤੇਰੀ ਸਤਾਉਂਦੀ ਬੜੀ ‘ਦਾਦਰਾ’,
ਜ਼ਿਦ ਨਾ ਕਰ, ਆ ਜਾ, ਛੱਡ ਦੇ ਅੜੀ ‘ਦਾਦਰਾ’,
ਦੌਲਤਾਂ ਸਭ ਕਮਾਉਂਦੇ ਨੇ ਸੁਖ ਦੇ ਲਈ,
ਇਸ ਤੋਂ ਖ਼ੁਸ਼ੀਆਂ ਲੁਟਾਉਣਾ ਬੁਰੀ ਗੱਲ ਹੈ।

•

## ਉਨਤਾਲੀ

ਬੜਾ ਹੀ ਮਾਣ ਸੀ ਮੈਨੂੰ, ਕਿ ਮੇਰੇ ਨੇ ਬੜੇ ਮਿੱਤਰ।
ਮੁਸੀਬਤ ਵਿਚ ਪਤਾ ਲੱਗਾ, ਜਦੋਂ ਸਾਰੇ ਟਲੇ ਮਿੱਤਰ।

ਸਵੇਰੇ ਸ਼ਾਮ ਅਜ-ਕਲ੍ਹ ਮਿਲਣ ਆ ਕੇ ਲਿਸ਼ਕਦੇ ਮਿੱਤਰ।
ਕਿਸੇ ਸਾਜ਼ਿਸ਼ ਦਾ ਹਿੱਸਾ ਹੀ ਨੇ ਮੈਨੂੰ ਜਾਪਦੇ ਮਿੱਤਰ।

ਜਿਨ੍ਹਾਂ ਦੇ ਕੰਡਾ ਲੱਗਣ 'ਤੇ ਵੀ ਮੈਨੂੰ ਪੀੜ ਹੁੰਦੀ ਸੀ,
ਤਮਾਸ਼ਾ ਵੇਖਦੇ ਨੇ ਮੌਤ ਮੇਰੀ ਦਾ, ਖੜੇ ਮਿੱਤਰ।

ਪਤਾ ਕੀ ਹੈ, ਕਦੋਂ ਮੈਨੂੰ ਇਹ ਉਹਨਾਂ ਤੋਂ ਮਰਾ ਦੇਵਣ,
ਕਿ ਮੇਰੇ ਦੁਸ਼ਮਣਾਂ ਦੇ ਪੁਛਦੇ ਨੇ ਅਜ-ਕਲ੍ਹ ਪਤੇ ਮਿੱਤਰ।

ਤੇਰੀ ਇਮਦਾਦ ਕਰਨੇ ਨੂੰ ਕਿਸੇ ਨੇ ਹੁਣ ਨਹੀਂ ਆਉਣਾ,
ਦਿਲਾ! ਨਾ ਡੋਲ! ਮੁਸ਼ਕਿਲ ਵਿਚ ਤੇਰੇ ਪਰਖੇ ਗਏ ਮਿੱਤਰ।

ਮੇਰੇ ਘਰ ਵਿਚ ਜਦੋਂ ਦੇ ਰੌਸ਼ਨੀ ਨੇ ਪੈਰ ਪਾਏ ਨੇ,
ਬੁਲਾਉਣਾ ਭੁੱਲ ਗਏ ਮੈਨੂੰ, ਤੇ ਰਹਿੰਦੇ ਨੇ ਬੁਝੇ ਮਿੱਤਰ।

ਹੈ ਤੈਨੂੰ ਆਸ ਫੁੱਲਾਂ ਦੀ, ਤਾਂ ਮੇਰੇ ਨਾਲ ਨਾ ਚੱਲੀਂ,
ਮੇਰੇ ਰਸਤੇ 'ਚ ਨੇ ਫੁੱਲਾਂ ਦੀ ਥਾਂ ਕੰਡੇ ਵਿਛੇ, ਮਿੱਤਰ!

ਤੂੰ ਮਿਤਰਾਂ ਕੋਲ ਵੀ ਇਕ ਹੱਦ ਤੀਕਰ ਰਾਜ਼ ਕਰ ਜ਼ਾਹਿਰ,
ਕਿ ਮਿਤਰਾਂ ਦੇ ਵੀ ਅੱਗੇ ਹੁੰਦੇ ਨੇ 'ਦਾਦਰ' ਬੜੇ ਮਿੱਤਰ।

•



## ਚਾਲੀ

ਛੱਡ ਕੇ ਗ਼ਰੂਰ ਮੰਨੋਂ, ਅਹਿਸਾਨ ਢਾਰਿਆਂ ਦੇ।
ਇਹਨਾਂ ਦੇ ਸਦਕੇ ਰੰਗ ਨੇ, ਮਹਿਲਾਂ-ਮੁਨਾਰਿਆਂ ਦੇ।

ਪਹਿਲਾਂ ਵੀ ਰੁਤ ਖ਼ਿਜ਼ਾਂ ਦੀ, ਆਉਂਦੀ ਸੀ ਬਾਗ ਅੰਦਰ,
ਪਰ ਜ਼ਖ਼ਮ ਐਨੇ ਨਾ ਸੀ, ਫੁੱਲਾਂ ਵਿਚਾਰਿਆਂ ਦੇ।

ਇਹ ਜ਼ਖ਼ਮ ਉਮਰ ਸਾਰੀ, ਹੁਣ ਰਹਿਣਗੇ ਹਰੇ ਹੀ,
ਜ਼ਖ਼ਮਾਂ 'ਤੇ ਰੱਖ ਰਹੇ ਨੇ, ਫੈਹੇ ਉਹ ਲਾਰਿਆਂ ਦੇ।

ਸਾਡੀ ਗਲੀ 'ਚੋਂ ਹੁਣ ਤਾਂ, ਲੰਘਣਾ ਹੀ ਛੱਡ ਦਿੱਤੈ,
ਰਾਹੇ ਪਿਐਂ ਤੂੰ ਯਾਰਾ, ਜਦ ਤੋਂ ਚੁਬਾਰਿਆਂ ਦੇ।

ਸਚ ਬੋਲਿਐ ਹੈ ਹੁਣ ਤਕ, ਤੇ ਸਚ ਹੀ ਬੋਲਣਾ ਹੈ,
ਭਾਵੇਂ ਦੁਫਾੜ ਕਰ ਦੇ, ਤੂੰ ਨਾਲ ਆਰਿਆਂ ਦੇ।

ਇਕ ਵਾਰ ਵੀ ਨਾ ਆਏ, ਬਾਹਾਂ 'ਚ ਇਸ ਤਰ੍ਹਾਂ ਉਹ,
ਦਰਿਆ ਏ ਹੁੰਦਾ ਜਿੱਦਾਂ, ਵਿਚ ਦੋ ਕਿਨਾਰਿਆਂ ਦੇ।

ਮਿਹਨਤ ਦੇ ਨਾਲ ਅਪਣੀ, ਕਿਸਮਤ ਬਣਾ ਲਵਾਂਗਾ,
ਪੱਥਰ ਨਹੀਂ ਘਸਾਉਣੇ, ਤੇਰੇ ਦੁਆਰਿਆਂ ਦੇ।

ਐ ਅਮਨ ਦੇ ਪੁਜਾਰੀ, ਇਕ ਗਲ ਤਾਂ ਦਸਦਾ ਜਾ ਤੂੰ,
ਕਾਹਤੋਂ ਬਰੂਦ ਫੜਿਐ, ਹੱਥਾਂ 'ਚ ਸਾਰਿਆਂ ਦੇ ?

ਬੀਤੇ ਸਮੇਂ ਦੀਆਂ ਇਹ, ਬਣਸਨ ਅਭੁੱਲ ਯਾਦਾਂ,
ਖ਼ਤ ਸਾਂਭ-ਸਾਂਭ ਰੱਖਦੈ, 'ਦਾਦਰ' ਜੋ ਪਿਆਰਿਆਂ ਦੇ।

•

## ਇਕਤਾਲੀ

ਜਦ ਕਦੇ ਵੀ ਆਵੇ ਮੇਰੀ ਯਾਦ, ਮੈਨੂੰ ਖ਼ਤ ਲਿਖੀਂ!
ਮਿਲਣ ਲਈ ਜਦ ਦਿਲ ਕਰੇ ਫ਼ਰਿਆਦ, ਮੈਨੂੰ ਖ਼ਤ ਲਿਖੀਂ!

ਜਿਸ ਜਗ੍ਹਾ ਮਿਲ ਕੇ ਕਲੋਲਾਂ ਕਰਦੇ ਸੀ ਆਪਾਂ ਕਦੀ,
ਓਥੋਂ ਗੁਜ਼ਰੇਂ ਤੇ ਕੁਝ ਆਵੇ ਯਾਦ, ਮੈਨੂੰ ਖ਼ਤ ਲਿਖੀਂ!

ਰੌਣਕਾਂ, ਖ਼ੁਸ਼ੀਆਂ ’ਚ ਮੈਨੂੰ ਯਾਦ ਨਾ ਰੱਖੀਂ ਬੇਸ਼ਕ,
ਦਿਲ ਜਦੋਂ ਹੋਵੇ ਤੇਰਾ ਨਾਸ਼ਾਦ, ਮੈਨੂੰ ਖ਼ਤ ਲਿਖੀਂ!

ਤੰਗੀਆਂ, ਮਜਬੂਰੀਆਂ ਤੋਂ ਡਰ ਨਾ ਜਾਵੀਂ ਤੂੰ ਕਿਤੇ,
ਮੈਂ ਕਰਾਂਗਾ ਉਸ ਸਮੇਂ ਇਮਦਾਦ, ਮੈਨੂੰ ਖ਼ਤ ਲਿਖੀਂ!

ਫਿਰ ਨਾ ਤੇਰੀ ਜ਼ਿੰਦਗੀ ਵਿਚ ਆਉਣ ਦੀ ਕੋਸ਼ਿਸ਼ ਕਰੂੰ,
ਜਦ ਭੁਲਾ ਦੇਵੇਂ ਤੂੰ ਮੇਰੀ ਯਾਦ, ਮੈਨੂੰ ਖ਼ਤ ਲਿਖੀਂ!

ਪਿਆਰ ਵੀ ਦਿੰਦੈ ਕਿ ਨਈਂ ਤੈਨੂੰ ਉਹ ਦੌਲਤਮੰਦ ਹੁਣ,
ਹੁਣ ਕੀ ਤੇਰੀ ਜ਼ਿੰਦਗੀ ਹੈ ਸ਼ਾਦ? ਮੈਨੂੰ ਖ਼ਤ ਲਿਖੀਂ!

ਜਿਸ ਨੇ ਤੇਰਾ ਪਿਆਰ ਮੈਥੋਂ ਖੋਹ ਲਿਆ ਹੈ, ਸੰਗ ਤੇਰੇ,
ਘਰ ਕਦੋਂ ਕਰਨੈਂ ਉਨ੍ਹੇਂ ਆਬਾਦ? ਮੈਨੂੰ ਖ਼ਤ ਲਿਖੀਂ!

ਜ਼ਿੰਦਗੀ ਨਾ ਗੁਜ਼ਰ ਜਾਵੇ, ਡਾਕੀਏ ਤੋਂ ਪੁੱਛਦਿਆਂ,
ਮੇਰੇ ਮਰਨੇ ਤੋਂ ਨਾ ਕਿਧਰੇ ਬਾਦ, ਮੈਨੂੰ ਖ਼ਤ ਲਿਖੀਂ!

ਤੇਰਾ ਦਿਲ ਕੋਮਲ ਜਦੋਂ ਤੜਫੇ ਪਰਾਣੀ ਯਾਦ ਵਿਚ,
ਜਾਂ ਜਦੋਂ ਦਿਲ ਕਰ ਲਵੇਂ ਫ਼ੌਲਾਦ, ਮੈਨੂੰ ਖ਼ਤ ਲਿਖੀਂ।

•



## ਬਤਾਲੀ

ਜੋ ਖ਼ੁਦ ਬੇਆਸਰੇ ਨੇ ਦੇਣਗੇ ਕੀ ਆਸਰਾ ਮੈਨੂੰ।
ਬਸ਼ਿੰਦਾ ਹਾਂ ਮੈਂ ਇਸ ਨਗਰੀ ਦਾ, ਲੋਕਾਂ ਦਾ ਪਤਾ ਮੈਨੂੰ।

ਗੁਬਾਰੇ ਵਾਂਗ ਮੈਂ ਫਟ ਕੇ ਜ਼ਮੀਂ ’ਤੇ ਆ ਕੇ ਡਿੱਗਾਂਗਾ,
ਹਵਾ ਦੇ ਵਾਂਗ ਮਿਲਿਆ ਹੈ ਇਨ੍ਹਾਂ ਦਾ ਆਸਰਾ ਮੈਨੂੰ।

ਮੁਹੱਬਤ ਕਰਨ ਦੀ ਸਭ ਨੂੰ ਇਜਾਜ਼ਤ ਹੈ, ਤਾਂ ਫਿਰ ਦੱਸੋ,
ਜ਼ਮਾਨਾ ਮੁਜਰਮਾਂ ਵਾਂਗੂੰ ਹੈ ਕਾਹਤੋਂ ਵੇਖਦਾ ਮੈਨੂੰ ?

‘ਤੇਰੀ ਕੁੱਲੀ ਦੇ ਕੁਝ ਤੀਲ੍ਹੇ, ਅਜੇ ਵੀ ਮੱਚਣੇ ਰਹਿੰਦੇ ਨੇ’,
ਬੁਝੇ ਭਾਂਬੜ ਮਚਾਉਂਦੀ ਆਖਦੀ ਜਾਂਦੀ ਹਵਾ ਮੈਨੂੰ।

ਵਫ਼ਾ ਦੇ ਨਾਮ ’ਤੇ ਦੱਸੋ, ਮੈਂ ਉਸ ਨੂੰ ਪਰਖਦਾ ਕਿੱਦਾਂ,
ਮੁਜੱਸਮਾ ਸੀ ਉਹ ਉਲਫ਼ਤ ਦਾ, ਉਹ ਲੱਗਦਾ ਸੀ ਖ਼ੁਦਾ ਮੈਨੂੰ।

ਰਹੇ ਮਹਿਫ਼ੂਜ਼ ਉਹ ਜਿੱਥੇ ਰਹੇ, ਖ਼ੁਸ਼ੀਆਂ ’ਚ ਖੇਡੇ ਉਹ,
ਮਗਰ ਦਰਪੇਸ਼ ਆਵੇ ਉਸ ਦਾ ਹਰ ਇਕ ਹਾਦਸਾ ਮੈਨੂੰ।

ਕਟਹਿਰੇ ਵਿਚ ਕੋਈ ਮੈਨੂੰ, ਖੜਾ ਕਰਕੇ ਕਹੇ ਦੋਸ਼ੀ,
ਮੈਂ ਜਿੱਥੋਂ ਗ਼ਲਤ ਹਾਂ, ਗ਼ਲਤੀ ਦਾ ਲੱਗੇ ਥਹੁ-ਪਤਾ ਮੈਨੂੰ।

ਕਿਤੇ ਗੋਲੀ, ਕਿਤੇ ਡਾਕੇ ਤੇ ਕਿਧਰੇ ਬੰਬ-ਧਮਾਕੇ ਨੇ,
ਨਹੀਂ ਕਾਨੂਨ ਕੋਈ ਇਸ ਨਗਰ ਵਿਚ ਜਾਪਦਾ ਮੈਨੂੰ।

ਜਿਨ੍ਹਾਂ ’ਤੇ ਮਾਣ ਸੀ ‘ਦਾਦਰ’, ਉਨ੍ਹਾਂ ਨੇ ਸਾਥ ਛੱਡ ਦਿੱਤੈ,
ਜਿਨ੍ਹਾਂ ਨੂੰ ਗ਼ੈਰ ਗਿਣਦੇ ਸੀ, ਉਨ੍ਹਾਂ ਨੇ ਸਾਂਭਿਆ ਮੈਨੂੰ।

•

## ਤਰਤਾਲੀ

ਯਾਰਾਂ ਤੋਂ, ਦਿਲਦਾਰਾਂ ਤੋਂ, ਡਰ ਲਗਦਾ ਹੈ।
ਘਰ ਦੇ ਵਾਕਫ਼ਕਾਰਾਂ ਤੋਂ, ਡਰ ਲਗਦਾ ਹੈ।

ਤੇਰੇ ਕੌਲ-ਕਰਾਰਾਂ ਤੋਂ, ਡਰ ਲਗਦਾ ਹੈ।
ਬੁੱਕਲ ਦੀਆਂ ਕਟਾਰਾਂ ਤੋਂ, ਡਰ ਲਗਦਾ ਹੈ।

ਘੁੰਡ ਵਿਚਲੇ ਰੁਖ਼ਸਾਰਾਂ ਦੀ ਕੀ ਗੱਲ ਕਰੀਏ,
ਕੱਖਾਂ ਹੇਠ ਅੰਗਾਰਾਂ ਤੋਂ, ਡਰ ਲਗਦਾ ਹੈ।

ਸੱਪਾਂ, ਬਿੱਛੂਆਂ ਤੋਂ ਡਰਦੇ ਹੋ? ਮੈਨੂੰ ਤਾਂ,
ਇਨਸਾਨਾਂ ਖ਼ੂੰਖਾਰਾਂ ਤੋਂ, ਡਰ ਲਗਦਾ ਹੈ।

ਮੰਦਰ, ਮਸਜਿਦ ਵਿਚ ਹੁਣ ਰੱਬ ਨਹੀਂ ਵਸਦਾ,
ਉਸਨੂੰ ਪੈਰੋਕਾਰਾਂ ਤੋਂ, ਡਰ ਲਗਦਾ ਹੈ।

ਜ਼ੁਲਫ਼ਾਂ ਖੁੱਲ੍ਹੀਆਂ ਛੱਡ ਕੇ ਨਾ ਤੂੰ ਫਿਰਿਆ ਕਰ,
ਸਾਨੂੰ ਨੰਗੀਆਂ ਤਾਰਾਂ ਤੋਂ, ਡਰ ਲਗਦਾ ਹੈ।

ਕਲਾ ਨੂੰ ਜੋ ਵਿਓਪਾਰ ਬਣਾਈ ਜਾਂਦੇ ਨੇ,
ਯਾਰ! ਉਨ੍ਹਾਂ ਫ਼ਨਕਾਰਾਂ ਤੋਂ, ਡਰ ਲਗਦਾ ਹੈ।

'ਦਾਦਰ' ਰੋਜ਼ ਸਕੈਂਡਲ ਇਹੀ ਬਣਾਉਂਦੇ ਨੇ,
ਹੁਣ ਤਾਂ ਪਹਿਰੇਦਾਰਾਂ ਤੋਂ, ਡਰ ਲਗਦਾ ਹੈ।

•



## ਚੁਤਾਲੀ

ਅਜ ਉਹ ਵਫ਼ਾ ਦਾ ਮਤਲਬ ਮੈਨੂੰ ਸਿਖਾ ਰਹੇ ਨੇ।
ਕਲ੍ਹ ਤੱਕ ਜੋ ਨਾਲ ਮੇਰੇ, ਕਰਦੇ ਦਗ਼ਾ ਰਹੇ ਨੇ।

ਇਹ ਲਾਜ਼ਮੀ ਨਹੀਂ ਹੈ, ਮੈਂ ਵੀ ਧਿਆਵਾਂ ਉਸ ਨੂੰ,
ਪੱਥਰ ਦੇ ਹੀ ਖ਼ੁਦਾ ਨੂੰ, ਜੇ ਉਹ ਧਿਆ ਰਹੇ ਨੇ।

ਸਾਨੂੰ ਬੇਖ਼ੌਫ਼ ਕਰਕੇ, ਲੁੱਟਣਗੇ ਸਾਡੇ ਘਰ ਇਹ,
ਜੋ ਚੋਰ ਇਸ ਨਗਰ ਦੇ, ਪਹਿਰਾ ਲਗਾ ਰਹੇ ਨੇ।

ਤੂੰ ਕੋਲ ਸੈਂ ਤਾਂ, ਇਹ ਵੀ ਸਨ ਖ਼ੁਸ਼ਗਵਾਰ ਸੱਜਣਾ,
ਬਿਨ ਤੇਰੇ ਹੁਣ ਇਹ ਮੌਸਮ, ਮੈਨੂੰ ਸਤਾ ਰਹੇ ਨੇ।

ਵੇਖੀਂ ਮਨਾਉਣ ਲੱਗਿਆਂ, ਉਸ ਨੂੰ ਰੁਸਾ ਨਾ ਬੈਠੀਂ,
ਅਜ-ਕਲ੍ਹ ਉਹ ਪਿਆਰ ਦਾ ਵੀ ਗੁੱਸਾ ਮਨਾ ਰਹੇ ਨੇ।

ਤੂਫ਼ਾਨ ਥੰਮ ਗਿਆ ਹੈ, ਬਾਰਿਸ਼ ਵੀ ਰੁਕ ਗਈ ਹੈ,
ਸੁਣ! ਆਹਲਣੇ 'ਚ ਪੰਛੀ ਫਿਰ ਚਹਿਚਹਾ ਰਹੇ ਨੇ।

ਅੰਦਰੋਂ ਉਹ ਖ਼ੁਸ਼ ਬੜੇ ਨੇ, ਜਦ ਚਿੱਤ ਹੋ ਗਿਆਂ ਮੈਂ,
ਮੇਰੇ ਸਾਹਮਣੇ ਮਗਰ ਉਹ, ਹੰਝੂ ਵਹਾ ਰਹੇ ਨੇ।

ਐ ਜਾਣ ਵਾਲੇ! ਦੱਸੀਂ, ਇਹ ਆਉਣ-ਜਾਣ ਕੈਸਾ?
ਜਦ ਤੂੰ ਚਲਾ ਗਿਐਂ ਤਾਂ, ਤੇਰੇ ਖ਼ਾਬ ਆ ਰਹੇ ਨੇ।

ਤੇਰੀ ਜ਼ਿੰਦਗੀ ਨੂੰ ਖ਼ਤਰੈ, ਬਚ ਕੇ ਰਹੀਂ ਤੂੰ 'ਦਾਦਰ',
ਤੇਰੇ ਯਾਰ ਦੁਸ਼ਮਣਾਂ ਸੰਗ, ਅੱਖਾਂ ਮਿਲਾ ਰਹੇ ਨੇ।

•

## ਪੰਜਤਾਲੀ

ਅਜ-ਕਲ੍ਹ ਥਾਂ-ਥਾਂ ਚੋਰ-ਬਜ਼ਾਰੀ ਚਲਦੀ ਹੈ।
ਬਦਮਾਸ਼ਾਂ ਤੋਂ ਦੁਨੀਆਂ ਸਾਰੀ ਚਲਦੀ ਹੈ।

ਅਜ-ਕਲ੍ਹ ਸਾਡੇ ਦੇਸ਼ 'ਤੇ ਭਾਰੀ ਚਲਦੀ ਹੈ।
ਨੀਤ ਗੁਆਂਢੀ ਦੀ ਹਤਿਆਰੀ ਚਲਦੀ ਹੈ।

ਹਰੇ-ਭਰੇ ਰੁੱਖਾਂ 'ਤੇ ਆਰੀ ਚਲਦੀ ਹੈ।
ਮੇਰੇ ਦਿਲ 'ਤੇ ਛੁਰੀ ਦੁਧਾਰੀ ਚਲਦੀ ਹੈ।

ਦੁਨੀਆਂ ਨਮਕ-ਹਰਾਮੀ ਹੈ, ਤਾਂ ਹੀ ਤਾਂ ਇਹ,
ਬੇ-ਇਤਫ਼ਾਕੀ, ਬੇ-ਇਤਬਾਰੀ ਚਲਦੀ ਹੈ।

ਅਫ਼ਸਰ ਤੋਂ ਚਪੜਾਸੀ ਤੱਕ ਸਭ ਖਾਂਦੇ ਨੇ,
ਖ਼ਬਰੇ ਕਿੱਦਾਂ ਦੇਸ਼ ਦੀ ਲਾਰੀ ਚਲਦੀ ਹੈ?

ਜੇਬ 'ਚ ਹੋਵੇ ਪੈਸਾ, ਅਜ-ਕਲ੍ਹ ਤਾਂ ਫਿਰ ਹੀ,
ਮਿੱਤਰਚਾਰੀ, ਰਿਸ਼ਤੇਦਾਰੀ ਚਲਦੀ ਹੈ।

ਕਿੰਨਾਂ ਸਾਦਾਪਨ ਹੈ ਸਾਡੇ ਪਿੰਡਾਂ ਵਿਚ,
ਤੇਰੇ ਸ਼ਹਿਰ 'ਚ ਕਿੰਜ ਹੁਸ਼ਿਆਰੀ ਚਲਦੀ ਹੈ।

ਵੋਟਾਂ ਨੇੜੇ ਆ ਗਈਆਂ ਨੇ, ਤਾਂ ਹੀ ਤਾਂ,
ਅਪਣੇ ਦੁਖੜੇ ਸੁਣਨ ਦੀ ਵਾਰੀ ਚਲਦੀ ਹੈ।

ਜਿਸ ਦਿਨ ਦਾ ਉਹ ਮੈਥੋਂ ਰੁੱਸ ਗਿਐ 'ਦਾਦਰ',
ਮੇਰੇ ਦਿਲ 'ਤੇ ਗ਼ਮ ਦੀ ਆਰੀ ਚਲਦੀ ਹੈ।

•



## ਛਿਆਲੀ

ਪਿਆਰ ਵਿਚ ਪਹਿਲੀ ਮਿਲੀ ਸੌਗ਼ਾਤ ਵਰਗਾ ਖ਼ਤ ਲਿਖੀਂ।
ਹਾੜ ਦੀ ਗਰਮੀ ਦੇ ਨਾਂ, ਬਰਸਾਤ ਵਰਗਾ ਖ਼ਤ ਲਿਖੀਂ।

ਰੰਗ, ਖ਼ੁਸ਼ਬੂ, ਰੌਸ਼ਨੀ, ਪਰਭਾਤ ਵਰਗਾ ਖ਼ਤ ਲਿਖੀਂ।
ਮੱਸਿਆ ਨੂੰ ਪੁੰਨਿਆਂ ਦੀ ਰਾਤ ਵਰਗਾ ਖ਼ਤ ਲਿਖੀਂ।

ਪਰਤਦੇ ਪਰਦੇਸ 'ਚੋਂ, ਪਰਦੇਸੀ ਦੇ ਚਾਵਾਂ ਜਿਹਾ,
ਜਾਂ ਕਿਸੇ ਮੁਟਿਆਰ ਦੇ ਜਜ਼ਬਾਤ ਵਰਗਾ ਖ਼ਤ ਲਿਖੀਂ।

ਕੀਮਤੀ ਸੌਗ਼ਾਤ ਵਾਂਗੂੰ ਸਾਂਭ ਕੇ ਰੱਖਾਂ ਸਦਾ,
ਅਪਣੀ ਸ਼ੋਖ਼ੀ, ਮੁਸਕਰਾਹਟ, ਬਾਤ ਵਰਗਾ ਖ਼ਤ ਲਿਖੀਂ।

ਆਸ ਦੇ ਦਰ ਤੋਂ ਮੈਂ ਖਾਲੀ ਪਰਤ ਨਾ ਆਵਾਂ ਕਿਤੇ,
'ਨ੍ਹੇਰ ਦੀ ਦਹਿਲੀਜ਼ 'ਤੇ ਪਰਭਾਤ ਵਰਗਾ ਖ਼ਤ ਲਿਖੀਂ।

'ਨ੍ਹੇਰੀਆਂ ਰਾਤਾਂ 'ਚ ਜੁਗਨੂੰ ਦਾ ਸਹਾਰਾ ਹੀ ਬੜੈ,
ਜੇ ਨਹੀਂ ਆਉਣਾ, ਤਾਂ ਪਹਿਲੀ ਝਾਤ ਵਰਗਾ ਖ਼ਤ ਲਿਖੀਂ।

ਜ਼ਿੰਦਗੀ ਚਿੰਤਾ-ਭਰੀ ਹੈ ਦੋਸਤਾ ਪਹਿਲਾਂ ਤੋਂ ਹੀ,
ਨਾ ਕਦੇ ਤੂੰ ਸ਼ਹਿਰ ਦੇ ਹਾਲਾਤ ਵਰਗਾ ਖ਼ਤ ਲਿਖੀਂ।

ਆਪਣੇ ਦੁਖ-ਸੁਖ ਜ਼ਰਾ ਖੁੱਲ੍ਹ ਕੇ ਕਰੀਂ 'ਦਾਦਰ' ਦੇ ਨਾਲ,
ਮੁਕਤਸਰ ਕਰਕੇ ਨਾ ਪਰ ਖ਼ੈਰਾਤ ਵਰਗਾ ਖ਼ਤ ਲਿਖੀਂ।

•

## ਸੰਤਾਲੀ

ਯਾਦ ਨਹੀਂ ਨਾਂ ਤਕ ਵੀ ਉਸਦਾ, ਨਾ ਹੀ ਹੈ ਸਿਰਨਾਵਾਂ ਪੱਲੇ।
ਫਿਰ ਵੀ ਆਸ ਮਿਲਣ ਦੀ ਰੱਖੀ, ਮੇਰੇ ਦਿਲ ਦੇ ਕੰਮ ਅਵੱਲੇ।

ਸੂਰਜ, ਬੱਦਲ, ਚੰਦ, ਸਿਤਾਰੇ, ਅੰਬਰ ’ਤੇ ਹੀ ਹੈਨ ਸੁਰੱਖਿਅਤ,
ਲੋਕਾਂ ਵੇਚ ਕੇ ਖਾ ਜਾਣੇ ਸੀ, ਜੇਕਰ ਇਹ ਵੀ ਹੁੰਦੇ ਥੱਲੇ।

ਮਜਬੂਰੀ ਵਿਚ ਦੁਸ਼ਮਣ ਨਾਲ ਵੀ, ਹੱਥ ਮਿਲਾਉਣਾ ਪੈਂਦੈ ਅਕਸਰ,
ਬੇ-ਸੁਰਿਆਂ ਨੂੰ ਸੁਣ ਕੇ ਕਹਿਣਾ ਪੈਂਦੈ, ‘ਵਾਹ-ਵਾਹ! ਬੱਲੇ-ਬੱਲੇ!’

ਮਜਬੂਰੀ ਤੇ ਮਸ਼ਹੂਰੀ ਦਾ ਹੁੰਦਾ ਨੰਗਾ ਨਾਚ ਤਾਂ ਵੇਖੋ,
ਇਕ ਦੇ ਤਨ ਨੂੰ ਮਿਲਦੇ ਨਊਂ, ਤੇ ਇਕ ਨੇ ਤਨ ਤੋਂ ਲਾਹੇ ਟੱਲੇ।

ਮਜ਼ਲੂਮਾਂ ਦੀ ਹਾਲਤ ਹੁਣ ਤਾਂ, ਬਦ ਤੋਂ ਬਦਤਰ ਹੋ ਜਾਣੀ ਹੈ,
ਮੁਨਸਿਫ਼-ਮੁਜਰਿਮ ਖਾਂਦੇ-ਪੀਂਦੇ, ਬਹਿ ਕੇ ਇੱਕੋ ਛਤ ਦੇ ਥੱਲੇ।

ਕਸਕ ਵਿਛੋੜੇ ਦੀ ਹਰ ਦਿਲ ਵਿਚ, ਕੀ ਏਦਾਂ ਕਰਦੀ ਹੈ ਯਾਰੋ?
ਖਿੱਚ ਕਲੇਜੇ ਨੂੰ ਪੈਂਦੀ ਹੈ, ਲਗਦੈ ਦਿਲ ’ਤੇ ਆਰੀ ਚੱਲੇ।

ਐਨਾ ਦੱਸ ਦੇ, ਤੇਰੇ ਦਿਲ ਵਿਚ, ਪਿਆਰ ਵੀ ਹੈ ਕਿ ਨਹੀਂ ਮੇਰੇ ਲਈ,
ਭਾਵੇਂ ਖ਼ਤ ਵੀ ਲਿਖ ਨਾ ਮੈਨੂੰ, ਭਾਵੇਂ ਭੇਜ ਨਾ ਮੁੰਦੀਆਂ-ਛੱਲੇ।

ਇਸ ਨਗਰੀ ਦੇ ਲੋਕੀਂ ਕਾਹਤੋਂ, ਤੇਰੀ ਸਹਾਇਤਾ ਕਰਦੇ ‘ਦਾਦਰ’,
ਦਰਦ ਨੂੰ ਏਥੇ ਕਿਹੜਾ ਪੁੱਛਦੈ, ਏਥੇ ਦਮੜੀ ਚਮੜੀ ਚੱਲੇ।

•



## ਅਠਤਾਲੀ

ਤੇਰੇ ਅਹਿਸਾਨ ਤੋਂ ਵੀ ਦੋਸਤਾ, ਮੁਨਕਰ ਨਹੀਂ ਹਾਂ ਮੈਂ।
ਮਗਰ ਪੈਰਾਂ ’ਚ ਵਿਛ ਜਾਵਾਂ, ਕੋਈ ਚਾਦਰ ਨਹੀਂ ਹਾਂ ਮੈਂ।

ਮੈਂ ਮੰਨਦਾ ਹਾਂ ਕਿ ਮਾਇਕ ਤੌਰ ’ਤੇ ਬਿਹਤਰ ਨਹੀਂ ਹਾਂ ਮੈਂ।
ਮਗਰ ਫਿਰ ਵੀ ਕਿਸੇ ਦੇ ਰਹਿਮ ਦਾ ਪਾਤਰ ਨਹੀਂ ਹਾਂ ਮੈਂ।

ਮੈਂ ਅੱਖੀਂ ਵੇਖ ਕੇ ਸਭ ਕੁਝ, ਜ਼ੁਬਾਂ ਨੂੰ ਮਾਰ ਲਾਂ ਤਾਲਾ,
ਇਹ ਸੰਭਵ ਹੈ ਕਿਵੇਂ, ਇਨਸਾਨ ਹਾਂ, ਪੱਥਰ ਨਹੀਂ ਹਾਂ ਮੈਂ।

ਕਰਾ ਸਕਦਾ ਹਾਂ ਅਪਣੀ ਹੋਂਦ ਦਾ ਅਹਿਸਾਸ ਮੈਂ ਤੈਨੂੰ,
ਮਿਟਾ ਦੇਵੇਂ ਰਬੜ ਦੇ ਨਾਲ, ਉਹ ਅੱਖਰ ਨਹੀਂ ਹਾਂ ਮੈਂ।

ਮੈਂ ਅਪਣੇ ਪਿਆਰ ਬਦਲੇ, ਬਸ ਤੁਹਾਡਾ ਪਿਆਰ ਚਾਹੁੰਦਾ ਹਾਂ,
ਕਰਾਂ ਕਿਉਂ ਪੂਜਾ ਦੀ ਚਾਹਤ, ਕਿ ਪੈਗੰਬਰ ਨਹੀਂ ਹਾਂ ਮੈਂ।

ਮੈਂ ਦਿਲ ਤੋਂ ਕੀਮਤੀ ਸ਼ੈਅ ਕੋਈ ਤੈਨੂੰ ਦੇ ਨਹੀਂ ਸਕਦਾ,
ਕਿ ਬੇਰੁਜ਼ਗਾਰ ਫਿਰਦਾ ਹਾਂ, ਅਜੇ ਅਫ਼ਸਰ ਨਹੀਂ ਹਾਂ ਮੈਂ।

ਮੇਰੀ ਮਿਹਨਤ ਦੀ ਤਿਪ-ਤਿਪ ’ਤੇ, ਤੁਸੀਂ ਨਜ਼ਰਾਂ ਟਿਕਾਵੋ ਨਾ,
ਪਵੇਗਾ ਫ਼ਰਕ ਮੈਨੂੰ ਲਾਜ਼ਮੀ, ਸਾਗਰ ਨਹੀਂ ਹਾਂ ਮੈਂ।

ਮੈਂ ਫੁੱਲਾਂ ਦੀ ਤਰ੍ਹਾਂ ਖ਼ੁਸ਼ਬੂ ਖਿੰਡਾਵਾਂਗਾ ਫ਼ਿਜ਼ਾ ਅੰਦਰ,
ਕਿਸੇ ਦੀ ਸੋਚ ਵਿਚ ਰੜਕਾਂ, ਕੋਈ ਛਿਲਤਰ ਨਹੀਂ ਹਾਂ ਮੈਂ।

ਗ਼ਜ਼ਲ ਮੇਰੀ ’ਚ ‘ਦਾਦਰ’ ਤਲਖ਼ੀਆਂ, ਹੁੱਝਾਂ, ਸਚਾਈਆਂ ਨੇ,
ਨਿਰਾ ਜ਼ੁਲਫ਼ਾਂ ਦੁਆਲੇ ਘੁੰਮਦਾ ਸ਼ਾਇਰ ਨਹੀਂ ਹਾਂ ਮੈਂ।

•

## ਉਨੰਜਾ

ਹੁਸਨ ਦੀ ਤਾਰੀਫ਼ ਕਰਨੀ ਐਬ ਵਿਚ ਸ਼ਾਮਿਲ ਨਹੀਂ।
ਪਰ ਹਰਿਕ 'ਤੇ ਦਿਲ ਜੋ ਆ ਜਾਵੇ, ਦਿਲਾ! ਉਹ ਦਿਲ ਨਹੀਂ।

ਕੌਣ ਕਹਿੰਦੈ? ਸ਼ਾਇਰਾਂ ਨੂੰ ਹੁੰਦਾ ਕੁਝ ਹਾਸਿਲ ਨਹੀਂ।
ਤਾੜੀਆਂ ਦੀ ਗੂੰਜ, ਵਾਹ-ਵਾਹ, ਸਭ ਨੂੰ ਸਕਦੀ ਮਿਲ ਨਹੀਂ।

ਦੋਸਤੋ! ਹੁੰਦਾ ਜਿਨ੍ਹਾਂ ਦਾ ਰਹਿਨੁਮਾ ਕਾਮਿਲ ਨਹੀਂ।
ਉਹ ਸਫ਼ਰ ਕਰਦੇ ਤਾਂ ਨੇ, ਪਰ ਲੱਭਦੀ ਮੰਜ਼ਿਲ ਨਹੀਂ।

ਮੁਨਸਿਫ਼ਾਂ ਕਰ ਦਿੱਤਾ ਹੈ ਕਾਤਿਲ ਨੂੰ ਬਾਇੱਜ਼ਤ ਬਰੀ,
ਕਤਲ ਕਰਕੇ ਵੀ ਉਹ ਕਾਤਿਲ, ਲਗ ਰਿਹਾ ਕਾਤਿਲ ਨਹੀਂ।

ਕੱਲ ਜਦੋਂ ਮੇਰਾ ਸਮਾਂ ਆਇਆ, ਮੈਂ ਬੋਲਾਂਗਾ ਜ਼ਰੂਰ,
ਅੱਜ ਕਿਸੇ ਕਾਰਨ ਮੈਂ ਚੁੱਪ ਹਾਂ, ਸਮਝਣਾ ਬੁਜ਼ਦਿਲ ਨਹੀਂ।

ਜ਼ਿੰਦਗੀ ਦੇ ਫੁੱਲਾਂ ਤੋਂ ਉਹ ਜ਼ਖ਼ਮ ਖਾਧੇ ਨੇ ਅਸਾਂ,
ਮੌਤ ਦੇ ਕੰਡਿਆਂ ਨੂੰ ਹੁਣ ਲਾਉਣਾ ਗਲੇ ਮੁਸ਼ਕਿਲ ਨਹੀਂ।

ਇਸ ਜਹਾਨ 'ਚ ਇਸ ਕਦਰ ਖ਼ੁਦਗਰਜ਼ ਲੋਕੀਂ ਹੋ ਗਏ,
ਸਾਦਾ-ਦਿਲ ਬੰਦਿਆਂ ਦੇ ਹੁਣ ਇਹ ਰਹਿਣ ਦੇ ਕਾਬਿਲ ਨਹੀਂ।

ਓਸ ਦੇ ਬਾਝੋਂ ਮੇਰਾ ਹੀ ਦਿਲ ਨਹੀਂ ਲੱਗਦਾ ਕਿਤੇ,
ਉਂਝ ਤਾਂ ਇਸ ਦੁਨੀਆਂ ਦੇ ਵਿਚ ਸੁੰਨੀ ਕੋਈ ਮਹਿਫ਼ਿਲ ਨਹੀਂ।

ਹੁਣ ਤੁਸੀਂ ਆ ਗਏ ਹੋ ਪੱਟੀਆਂ ਲੈ ਕੇ 'ਦਾਦਰ' ਵਾਸਤੇ,
ਜਦ ਕਿ ਉਹ ਇਕ ਲਾਸ਼ ਬਣ ਚੁੱਕੈ, ਰਿਹਾ ਘਾਇਲ ਨਹੀਂ।

•



## ਪੰਜਾਹ

ਜਲਾ ਦੇਵੇ ਨਾ ਕੋਈ ਆਹਲਣਾ ਅਪਣਾ, ਨਜ਼ਰ ਰੱਖੋ!
ਨਾ ਟੁਟ ਕੇ ਚੂਰ ਹੋ ਜਾਵੇ ਕੋਈ ਸੁਪਨਾ, ਨਜ਼ਰ ਰੱਖੋ!

ਨਜ਼ਰ ਰੱਖੋ! ਕਿਸੇ ਦਾ ਦਿਲ ਨਾ ਟੁੱਟੇ ਆਪਣੇ ਕੋਲੋਂ,
ਤੇ ਅਪਣਾ ਦਿਲ ਵੀ ਚੋਟਾਂ ਤੋਂ ਰਹੇ ਬਚਿਆ, ਨਜ਼ਰ ਰੱਖੋ!

ਤੁਰੀ ਜਾਵੋ ਨਾ ਅੱਖਾਂ ਬੰਦ ਕਰਕੇ, ਰਹਿਬਰਾਂ ਪਿੱਛੇ,
ਅਨੇਕਾਂ ਖਾ ਗਿਆ ਹੈ ਕਾਫ਼ਿਲੇ ਰਸਤਾ, ਨਜ਼ਰ ਰੱਖੋ!

ਕਿਸੇ ਵੇਲੇ ਵੀ ਹੋ ਕੇ ਕੀਚਰਾਂ ਉਹ ਬਿਖ਼ਰ ਜਾਵੇਗਾ,
ਉਦ੍ਹੇ ਕਿਰਦਾਰ ਦਾ ਹੈ ਤਿੜਕਿਆ ਸ਼ੀਸ਼ਾ, ਨਜ਼ਰ ਰੱਖੋ!

ਉਹ ਵਿਛੜਨ ਦੇ ਸਮੇਂ ਅੱਖਾਂ 'ਚੋਂ ਬੇਹੱਦ ਡੋਲ੍ਹਦੈ ਹੰਝੂ,
ਕੀ, ਮੇਰੇ ਤੋਂ ਜੁਦਾ ਹੋ ਕੇ ਵੀ ਹੈ ਰੋਂਦਾ? ਨਜ਼ਰ ਰੱਖੋ!

ਜੋ ਦੀਵਾ ਰੌਸ਼ਨੀ ਕਰਦਾ ਹੈ, ਉਹ ਘਰ ਵੀ ਜਲਾ ਸਕਦੈ,
ਕਿ ਧੋਖਾ ਦੇ ਵੀ ਸਕਦੈ ਖ਼ੂਨ ਦਾ ਰਿਸ਼ਤਾ, ਨਜ਼ਰ ਰੱਖੋ!

ਭਰੋਸਾ ਉੱਠ ਚੁੱਕਾ ਹੈ, ਮੇਰਾ ਤਾਂ ਲੋਕਾਂ ਤੋਂ 'ਦਾਦਰ',
ਜ਼ਮਾਨਾ ਸਾਰੇ ਦਾ ਸਾਰਾ ਈ ਹੈ ਝੂਠਾ, ਨਜ਼ਰ ਰੱਖੋ!

•

## ਇਕਵੰਜਾ

ਜਦ ਸਚਾਈ ਨੂੰ ਆਪਾਂ ਸਚਾਈ ਕਿਹਾ,
ਲੋਕ ਤੜਫੇ ਬੜੇ, ਤਿਲਮਿਲਾਏ ਬੜੇ।
ਗ਼ੈਰ ਤਾਂ ਗ਼ੈਰ ਸੀ, ਅਪਣਿਆਂ ਵੀ ਉਦੋਂ,
ਦੋਸ਼ ਲਾਏ ਬੜੇ, ਲੜ ਛੁਡਾਏ ਬੜੇ।

ਉਲਝਣਾਂ ਨਾਲ ਸਿੱਝਣਾ ਹੈ ਫ਼ਿਤਰਤ ਮੇਰੀ,
ਮੇਰੇ ਰਾਹ ਵਿਚ ਰੁਕਾਵਟ ਨਹੀਂ ਮੁਸ਼ਕਿਲਾਂ,
ਮੈਂ ਜਦੋਂ ਤੁਰਿਆਂ, ਮੰਜ਼ਿਲ 'ਤੇ ਪੁਜ ਕੇ ਰਿਹਾਂ,
ਰਾਹ 'ਚ ਤੂਫ਼ਾਨ ਵੀ ਭਾਵੇਂ ਆਏ ਬੜੇ।

ਦੁਖ ਭਰੀ ਦਾਸਤਾਂ ਮੈਂ ਸੁਣਾਉਂਦਾ ਰਿਹਾ,
ਚੁਸਕੀਆਂ ਲੈ ਕੇ ਸੁਣਦੇ ਰਹੇ ਯਾਰ ਸਭ,
ਦਰਦ ਘਟਣਾ ਤਾਂ ਕੀ ਸੀ ਸਗੋਂ ਵਧ ਗਿਆ,
ਦਿਲ ਦੇ ਦਾਮਨ 'ਤੇ ਲੰਗਾਰ ਆਏ ਬੜੇ।

ਐਵੇਂ ਮਿਲੀਆਂ ਨਹੀਂ ਸਾਨੂੰ ਸਰਦਾਰੀਆਂ,
ਐਵੇਂ ਨਾਂ ਸਾਡਾ ਆਉਂਦਾ ਨਾ ਇਤਿਹਾਸ ਵਿਚ,
ਦਿੱਤੀਆਂ ਨੇ ਅਸਾਂ ਸੌ-ਸੌ ਕੁਰਬਾਨੀਆਂ,
ਸਿਰ ਝੁਕਾਏ ਨਹੀਂ, ਸਿਰ ਕਟਾਏ ਬੜੇ।

ਬਾਲ-ਬੱਚੇ ਪੜ੍ਹਾਏ ਬੜੇ ਦੋਸਤੋ!
ਨੋਟ ਵੀ ਨੇ ਕਮਾਏ ਬੜੇ ਦੋਸਤੋ!
ਫਿਰ ਵੀ ਘਰ ਵਾਲਿਆਂ ਨੂੰ ਇਹ ਇਤਰਾਜ਼ ਹੈ,
ਸ਼ੌਕ-ਏ-ਸ਼ਾਇਰੀ 'ਤੇ ਮੈਂ ਪਲ਼ ਗੁਆਏ ਬੜੇ।

ਹੌਸਲਾ ਮੇਰਾ ਵਾਂਗਰ ਤੂਫ਼ਾਨਾਂ ਦੇ ਸੀ,
ਮੁਸ਼ਕਿਲਾਂ ਵਿਚ ਵੀ ਰਸਤੇ ਬਣਾਉਂਦਾ ਰਿਹਾ,
ਸਿਰ ਝੁਕਾਇਆ ਨਹੀਂ ਮੈਂ ਇਨ੍ਹਾਂ ਸਾਹਮਣੇ,
ਸਿਰ ਉਠਾਏ ਇਨ੍ਹਾਂ ਦੇ, ਝੁਕਾਏ ਬੜੇ।

ਮੈਂ ਵੀ ਚਾਹੁੰਦਾ ਸਾਂ ਛੋਟਾਂ ਲਿਖਣ ਵਾਸਤੇ,
ਬੰਧਿਸ਼ਾਂ ਖ਼ਿਆਲਾਂ ਨੂੰ ਸਨ ਜਿਬਾਹ ਕਰਦੀਆਂ,
ਬੰਧਿਸ਼ਾਂ 'ਚੋਂ ਗੁਜ਼ਰਨਾ ਜਦੋਂ ਆ ਗਿਆ,
ਖ਼ਿਆਲਾਂ ਦੇ ਪੰਛੀ ਮੈਂ ਫਿਰ ਉਡਾਏ ਬੜੇ।



## ਬਵੰਜਾ

ਆਦਮੀ ਦਾ ਖ਼ੂਨ ਪਹਿਲਾਂ ਪੀਂਦੀਆਂ ਮਜਬੂਰੀਆਂ।
ਜੀਣ ਲਈ ਸਾਹ-ਸਤ ਨਹੀਂ ਫਿਰ ਛਡਦੀਆਂ ਮਜਬੂਰੀਆਂ।

ਜ਼ਿੰਦਗੀ ਦੀ ਲੱਕੜੀ ਨੂੰ, ਲੱਗੀਆਂ ਨੇ ਘੁਣ ਦੇ ਵਾਂਗ,
ਅੱਜ ਦੀਆਂ ਮਜਬੂਰੀਆਂ, ਕੁਝ ਕੱਲ੍ਹ ਦੀਆਂ ਮਜਬੂਰੀਆਂ।

ਵਕਤ ਸਿਰ ਅਜ-ਕਲ੍ਹ ਕੋਈ ਵਾਅਦਾ ਨਹੀਂ ਹੁੰਦਾ ਵਫ਼ਾ,
ਹਾਇ ਮਜਬੂਰੀ! ਨਹੀਂ ਦੱਸ ਹੁੰਦੀਆਂ ਮਜਬੂਰੀਆਂ।

ਰੋਗ, ਨਿਰਧਨਤਾ, ਬੀਮਾਰੀ, ਬੇਵਸੀ, ਬੇਚਾਰਗੀ,
ਨਿਰਦਈ, ਨਿਰਮੋਹੀ, ਜ਼ਾਲਿਮ ਕੋਹਦੀਆਂ ਮਜਬੂਰੀਆਂ।

ਫਸਲ ਜੱਟ ਦੀ ਜਿਸ ਤਰ੍ਹਾਂ ਰੁਲ ਜਾਂਦੀ ਹੈ ਮੰਡੀ ਦੇ ਵਿੱਚ,
ਆਦਮੀ ਨੂੰ ਰੋਲ ਕੇ ਰੱਖ ਦਿੰਦੀਆਂ ਮਜਬੂਰੀਆਂ।

ਐ ਦਿਲਾ! ਐਵੇਂ ਤੂੰ ਉਸ ਉੱਤੇ ਨਾ ਕਰਿਆ ਕਰ ਗਿਲੇ,
ਤੂੰ ਤਾਂ ਵਿਹਲਾ ਏਂ, ਕੀ ਸਮਝੇਂ ਉਸ ਦੀਆਂ ਮਜਬੂਰੀਆਂ।

ਵਧਦੀਆਂ ਹੀ ਜਾਂਦੀਆਂ ਨੇ, ਹੁਣ ਟਰੈਫ਼ਿਕ ਵਾਂਗ ਇਹ,
ਛਡਦੀਆਂ ਨਾ ਲੜ, ਜੇ ਪਿੱਛੇ ਪੈਂਦੀਆਂ ਮਜਬੂਰੀਆਂ।

ਰਾਤ-ਦਿਨ 'ਦਾਦਰ' ਇਨ੍ਹਾਂ ਦੇ ਨਾਲ ਤੂੰ ਦੋ-ਚਾਰ ਹੋ,
ਵੇਖੀਂ ਫਿਰ, ਅੱਗੇ ਕਿਵੇਂ ਨੇ ਲਗਦੀਆਂ ਮਜਬੂਰੀਆਂ।

ਰਾਤ ਦਿਨ ਬਹਿਰਾਂ-ਰਦੀਫ਼ਾਂ ਵਿਚ ਤੂੰ ਗੁੰਮਿਆ ਰਹੇਂ,
ਕਿਸ ਤਰ੍ਹਾਂ ਦਾ ਸ਼ੌਕ 'ਦਾਦਰ', ਕਾਹਦੀਆਂ ਮਜਬੂਰੀਆਂ।

•

## ਤਰਵੰਜਾ

ਮੇਰੀਆਂ ਗ਼ਜ਼ਲਾਂ ਨੇ ਤੇਰੀ ਬਜ਼ਮ ਗਰਮਾਈ ਨਹੀਂ।
ਹਾਂ, ਕਸੀਦੇ ਕਹਿਣ ਦੀ ਮੈਨੂੰ ਕਲਾ ਆਈ ਨਹੀਂ।

ਬਾਗ਼ ਵਿਚ ਕੋਈ ਕਲੀ ਸਹਿਮੀ ਤੇ ਘਬਰਾਈ ਨਹੀਂ।
ਲਗਦਾ ਹੈ ਕਿ ਬਾਗ਼ਬਾਂ ਦੀ ਨਜ਼ਰ ਹੇਠ ਆਈ ਨਹੀਂ।

ਜੀ ਕਰੇ ਤਾਂ ਪਹਿਨ ਲਏਂ, ਜਦ ਜੀ ਕਰੇ ਸੁੱਟੇਂ ਵਗਾਹ,
ਮੈਂ ਤੇਰੇ ਪੈਰਾਂ ਦੀ ਜੁੱਤੀ, ਕੋਟ ਜਾਂ ਟਾਈ ਨਹੀਂ।

ਦੁਸ਼ਮਣਾਂ ਦੀ ਭੀੜ ਹੈ, ਮੇਰੇ ਦੁਆਲੇ ਅੱਜ-ਕੱਲ੍ਹ,
ਯਾਰਾਂ ਦੇ ਛੱਡ ਜਾਣ 'ਤੇ ਵੀ ਦੇਖੋ, ਤਨਹਾਈ ਨਹੀਂ।

ਮੋਮ ਕਰ ਦਿੰਦੀ ਹੈ ਪੱਥਰ ਨੂੰ ਵੀ, ਤਾਕਤ ਪਿਆਰ ਦੀ,
ਕਸਕ ਦਿਲ ਦੀ ਸੁਰ 'ਚ ਹੋ ਕੇ ਤੈਂ ਦਿਲਾ, ਗਾਈ ਨਹੀਂ।

ਮੈਂ ਬੜੀ ਕੀਤੀ ਮੁਸ਼ੱਕਤ, ਸ਼ਿਅਰ ਆਖਣ ਵਾਸਤੇ,
ਲੰਘ ਚੱਲੀ ਉਮਰ, ਲੇਕਿਨ ਇਹ ਕਲਾ ਆਈ ਨਹੀਂ।

ਦੂਜਿਆਂ ਦੇ ਵਾਸਤੇ ਹੀ ਪੁੱਟਦੈ ਕਬਰਾਂ ਬਸ਼ਰ,
ਖ਼ਬਰ ਅਪਣੀ ਮੌਤ ਦੀ 'ਦਾਦਰ' ਕਿਸੇ ਪਾਈ ਨਹੀਂ।

•



## ਚਰਵੰਜਾ

ਐਵੇਂ ਨਾ ਦੋਸ਼ ਲਾਉ ਕਿ ਉਲਫ਼ਤ ਨਹੀਂ ਰਹੀ।
ਬੰਦਾ ਵਿਅਸਤ ਹੋ ਗਿਐ, ਫ਼ੁਰਸਤ ਨਹੀਂ ਰਹੀ।

ਕਠ-ਪੁਤਲੀਆਂ ਦੇ ਵਾਂਗ ਇਹ ਨਚਦੇ ਨੇ ਅੱਜ-ਕੱਲ੍ਹ,
ਲੋਕਾਂ ਦੇ ਖ਼ੂਨ ਵਿੱਚ ਉਹ ਹਰਕਤ ਨਹੀਂ ਰਹੀ।

ਉਹ ਅੱਡ ਜਦੋਂ ਦਾ ਹੋ ਗਿਐ, ਕਿੰਨਾਂ ਬਦਲ ਗਿਐ,
ਉਸ ਨੂੰ ਫ਼ਜ਼ੂਲ ਖ਼ਰਚ ਦੀ ਆਦਤ ਨਹੀਂ ਰਹੀ।

ਇਕ ਧਨ-ਪਤੀ ਦੇ ਧਨ 'ਤੇ ਹੀ ਤੂੰ ਹੋ ਗਿਐਂ ਫ਼ਿਦਾ,
ਤੇਰੀ ਨਜ਼ਰ ਵਿਚ ਦਿਲ ਦੀ ਹੁਣ ਕੀਮਤ ਨਹੀਂ ਰਹੀ।

ਮੈਂ ਪਿਆਰ ਕਰਕੇ ਹੋ ਗਿਆਂ ਬਦਨਾਮ ਇਸ ਕਦਰ,
ਮੇਰੇ 'ਤੇ ਲਾਉਣ ਨੂੰ ਕੋਈ ਤੁਹਮਤ ਨਹੀਂ ਰਹੀ।

ਤਨ-ਧਨ ਦਾ ਜ਼ੋਰ ਲਗ ਗਿਐ ਬੱਚੇ ਪੜ੍ਹਾਉਣ 'ਤੇ,
ਅਪਣੇ 'ਚ ਘਰ ਬਨਾਉਣ ਦੀ ਹਿੰਮਤ ਨਹੀਂ ਰਹੀ।

ਜਿਸ ਘਰ 'ਚ ਆਪੋ ਵਿਚ ਨਹੀਂ ਇਤਫ਼ਾਕ, ਏਕਤਾ,
ਉਸ ਘਰ 'ਚ ਬਹੁਤੀ ਦੇਰ ਤਕ ਬਰਕਤ ਨਹੀਂ ਰਹੀ।

ਸੁੰਦਰ ਆਭੂਸ਼ਨਾਂ 'ਚ ਤੂੰ ਚਮਕਾਂ ਤਾਂ ਮਾਰਦੈਂ,
ਚਿਹਰੇ 'ਤੇ ਪਰ ਉਹ ਪਿਆਰ ਦੀ ਰੰਗਤ ਨਹੀਂ ਰਹੀ।

ਪੈਰਾਂ ਨੂੰ ਹੱਥ ਲਾਉਣ ਦਾ ਕੀ ਅਰਥ 'ਦਾਦਰਾ',
ਦਿਲ ਵਿਚ ਜੇ ਤੇਰੇ ਡਰ ਨਹੀਂ, ਇੱਜ਼ਤ ਨਹੀਂ ਰਹੀ।

•

## ਪਚਵੰਜਾ

ਯਕੀਨ ਸੀ ਗਲੇ ਮਿਲੂ, ਉਹ ਆਰਤੀ ਉਤਾਰ ਕੇ।
ਪਤਾ ਨਹੀਂ ਸੀ, ਬਹਿ ਗਿਐ ਉਹ ਯਾਦ ਵੀ ਵਿਸਾਰ ਕੇ।

ਰੁਕੀਂ ਨਾ ਇਸ਼ਕ ਵਿਚ ਦਿਲਾ, ਤੂੰ ਦਿਲ ਕਦੀ ਵੀ ਹਾਰ ਕੇ।
ਕਿ ਚੱਲੀਦਾ ਹੈ ਇਸ ਸਫ਼ਰ 'ਚ, ਸੌ-ਸੌ ਗ਼ਮ ਸਹਾਰ ਕੇ।

ਕਿਵੇਂ ਲਾਹੌਰ-ਦਿੱਲੀ ਨੂੰ ਮਿਲਾਉਣ ਦੀ ਤੂੰ ਗੱਲ ਕਰੇਂ,
ਜੇ ਆਪਣੇ ਹੀ ਘਰ 'ਚ ਬਹਿ ਗਿਆ ਏਂ ਕੰਧ ਉਸਾਰ ਕੇ।

ਗੁਲਾਬ ਹੀ ਗੁਲਾਬ ਜ਼ਿਹਨ ਵਿਚ ਖਿੜੇ ਪਏ ਨੇ ਕਿਉਂ,
ਚਮਨ 'ਚੋਂ ਕੌਣ ਲੰਘਿਆ ਹੈ ਮਹਿਕ ਅਜ ਖਿਲਾਰ ਕੇ।

ਡਰਾ ਨਾ ਮੈਨੂੰ ਜ਼ਾਲਿਮਾ, ਨਾ ਡਰ ਹੀ ਦੇ ਤੂੰ ਮੌਤ ਦਾ,
ਕਫ਼ਨ ਮੈਂ ਸਿਰ 'ਤੇ ਬੰਨਿਐਂ, ਹਰੇਕ ਡਰ ਉਤਾਰ ਕੇ।

ਸਬੰਧ ਸਾਰੇ ਪਿਆਰ ਦੇ ਭੁਲਾ ਕੇ ਤੁਰ ਗਿਐ ਜਦੋਂ,
ਬੁਲਾ ਨਾ ਓਸ ਨੂੰ ਅਵਾਜ਼ 'ਤੇ ਅਵਾਜ਼ ਮਾਰ ਕੇ।

ਮੁਸੀਬਤਾਂ ਦਾ ਮੇਰੇ ਦਿਲ 'ਚ ਹੁਣ ਰਤਾ ਵੀ ਡਰ ਨਹੀਂ,
ਸਫ਼ਰ 'ਚੋਂ ਮੈਂ ਮੁੜਾਂਗਾ ਹੁਣ ਤਾਂ ਜਿੱਤ ਕੇ ਜਾਂ ਹਾਰ ਕੇ।

ਗ਼ਜ਼ਲ ਤੇਰੀ ਨੂੰ ਹਰ ਅਦੀਬ, ਗ਼ੌਰ ਨਾਲ ਪੜ੍ਹ ਰਿਹੈ,
ਸਹੀ ਵਜ਼ਨ 'ਚ ਗੱਲ ਕਰੀਂ, ਤੂੰ ਸੋਚ ਕੇ ਵਿਚਾਰ ਕੇ।

•



## ਛਿਪੰਜਾ

ਕਿਸੇ ਦਾ ਸਬਰ ਬਹੁਤਾ ਪਰਖਣਾ, ਚੰਗਾ ਨਹੀਂ ਹੁੰਦਾ।
ਕਿਸੇ ਨੂੰ ਦੇਰ ਪਿੱਛੋਂ ਸਮਝਣਾ, ਚੰਗਾ ਨਹੀਂ ਹੁੰਦਾ।

ਧੀਆਂ ਨੇ ਸਹੁਰੇ-ਘਰ ਵਿਚ ਜਾ ਕੇ ਤਾਂ ਦੁਖ ਭੋਗਣਾ ਹੁੰਦੈ,
ਇਨ੍ਹਾਂ ਨੂੰ ਪੇਕੀਂ ਬਹੁਤਾ ਡਾਂਟਣਾ, ਚੰਗਾ ਨਹੀਂ ਹੁੰਦਾ।

ਕਈ ਰਿਸ਼ਤੇ ਵਿਚਾਲੇ ਟੁੱਟ ਜਾਂਦੇ ਨੇ ਇਸੇ ਕਰਕੇ,
ਕਿਸੇ ਨੂੰ ਹੱਦ ਤੋਂ ਵਧ ਪਰਖਣਾ, ਚੰਗਾ ਨਹੀਂ ਹੁੰਦਾ।

ਕਿਸੇ ਦੇ ਰਾਹ 'ਚ ਪੱਥਰ ਵਾਂਗ ਅਟਕਣ ਦਾ ਹੈ ਕੀ ਮਤਲਬ,
ਕਿਸੇ ਨੂੰ ਫੁੱਲ ਵਾਂਗੂੰ ਮਸਲਣਾ, ਚੰਗਾ ਨਹੀਂ ਹੁੰਦਾ।

ਸਫ਼ਰ ਇਹ ਜ਼ਿੰਦਗਾਨੀ ਦਾ ਕਦੇ ਵੀ ਮੁੱਕ ਸਕਦਾ ਹੈ,
ਗਿਲਾ-ਸ਼ਿਕਵਾ ਦਿਲਾਂ ਵਿਚ ਰੱਖਣਾ, ਚੰਗਾ ਨਹੀਂ ਹੁੰਦਾ।

ਕੋਈ ਮੰਜ਼ਿਲ ਕਿਸੇ ਦੀ ਆਖ਼ਿਰੀ ਮੰਜ਼ਿਲ ਨਹੀਂ ਹੁੰਦੀ,
ਕਿਸੇ ਮੰਜ਼ਿਲ 'ਤੇ ਵੀ ਟਿਕ ਬੈਠਣਾ, ਚੰਗਾ ਨਹੀਂ ਹੁੰਦਾ।

ਲਤੀਫ਼ੇ-ਬਾਜ਼ੀਆਂ, ਅਸ਼ਲੀਲ ਗੱਲਾਂ ਕਰਨੀਆਂ ਵਰਜਿਤ,
ਗ਼ਜ਼ਲ ਵਿਚ ਵੈਰ ਦਿਲ ਦੇ ਕੱਢਣਾ, ਚੰਗਾ ਨਹੀਂ ਹੁੰਦਾ।

ਇਹ ਹੰਝੂ ਤਾਂ ਅਮਾਨਤ ਹੁੰਦੇ ਨੇ ਤਨਹਾਈ ਦੇ ਸਜਣੋ,
ਭਰੀ ਮਹਿਫ਼ਿਲ 'ਚ ਅੱਖੀਆਂ ਬਰਸਣਾ, ਚੰਗਾ ਨਹੀਂ ਹੁੰਦਾ।

ਤਿਆਰੀ ਤੋਂ ਬਿਨਾਂ 'ਦਾਦਰ', ਸਫ਼ਰ 'ਤੇ ਚੱਲ ਪੈਂਦੈਂ ਤੂੰ,
ਕਿ ਰਾਹ ਦੀਆਂ ਮੁਸ਼ਕਿਲਾਂ ਨੂੰ ਭੁੱਲਣਾ, ਚੰਗਾ ਨਹੀਂ ਹੁੰਦਾ।

•

## ਸਤਵੰਜਾ

ਛੱਡ ਵੀ ਦੇ ਹੁਣ ਗੱਲ ਪੁਰਾਣੀ, ਐ ਦਾਦਰ!
ਐਵੇਂ ਨਾ ਰਿੜਕੀ ਚਲ ਪਾਣੀ, ਐ ਦਾਦਰ!

ਅਪਣੀ ਸੋਚ ਨੂੰ ਤਰਕਸ਼ੀਲ, ਵਿਗਿਆਨਕ ਰੱਖ,
ਘੁੰਮ ਨਾ ਡੇਰੀਂ, ਮੜ੍ਹੀਂ-ਮਸਾਣੀ, ਐ ਦਾਦਰ!

ਜੇ ਕਰ ਤੇਰੇ ਚਾਰਾਗਰ ਨੇ ਹਾਰ ਗਏ,
ਪੜ੍ਹਿਆ ਕਰ ਸਤਿਗੁਰ ਦੀ ਬਾਣੀ, ਐ ਦਾਦਰ!

ਇਸ਼ਕ ਫ਼ਸਾਨੇ ਲਿਖਦਾ ਲਿਖਦਾ ਭੁੱਲੀਂ ਨਾ,
ਮਜਦੂਰਾਂ ਦੀ ਦਰਦ ਕਹਾਣੀ, ਐ ਦਾਦਰ!

ਸਾਗਰ ਕੰਢੇ ਬਹਿ ਕੇ ਪਿਆਸਾ ਮੁੜ ਆਇਐਂ,
ਹੁਣ ਕਿੱਥੇ ਹੈ ਪਿਆਸ ਬੁਝਾਣੀ, ਐ ਦਾਦਰ!

ਨੈਣ ਕਿਸੇ ਦੇ ਸਾਗਰ ਨੇ ਤਾਂ ਬਚ ਕੇ ਰਹੁ,
ਡੁਬ ਨਾ ਜਾਵੀਂ ਡੂੰਘੇ ਪਾਣੀ, ਐ ਦਾਦਰ!

ਜਿਸ ਨੂੰ ਪੜ੍ਹ ਕੇ ਲੋਕੀਂ ਆਖਣ, ਵਾਹ ਬਈ ਵਾਹ!
ਲਿਖ ਜਾ ਕੋਈ ਗੱਲ ਸਿਆਣੀ, ਐ ਦਾਦਰ!

ਹਰ ਇਕ ਚਿਹਰੇ ਵਿੱਚੋਂ ਲੱਭਦਾ ਫਿਰਦੈਂ ਕਿਉਂ,
ਸੂਰਤ ਉਹ ਜਾਣੀ-ਪਹਿਚਾਣੀ, ਐ ਦਾਦਰ!

ਅਪਣੇ ਜੀਵਨ ਦੀ ਪੁਸਤਕ ਨਾ ਫੋਲ ਬਹੀਂ,
ਹੋ ਜਾਵੇਂਗਾ ਪਾਣੀ-ਪਾਣੀ, ਐ ਦਾਦਰ!

•



## ਅਠਵੰਜਾ

ਉਹ ਬਾਰਿਸ਼ ਵਿਚ ਵੀ ਆਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।
ਨਾ ਭੁਲਦੇ ਨਾ ਭੁਲਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਉਨ੍ਹਾਂ ਨੂੰ ਮਿਲਣ ਹੁਣ ਸਾਨੂੰ, ਉਨ੍ਹਾਂ ਘਰ ਜਾਣਾ ਪੈਂਦਾ ਹੈ,
ਉਹ ਸਾਨੂੰ ਮਿਲਣ ਆਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਉਹ ਅਜ-ਕਲ੍ਹ ਆਉਣ ਦੇ ਲਾਰੇ ਲਗਾ ਕੇ ਭੁੱਲ ਜਾਂਦੇ ਨੇ,
ਜਦੋਂ ਵਾਅਦੇ ਨਿਭਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਅਸਾਂ ਨੇ ਖ਼ਤ ਬੜੇ ਪਾਏ, ਕੋਈ ਉੱਤਰ ਨਹੀਂ ਆਇਆ,
ਉਹ ਸੁਣਦੇ ਸਾਰ ਆਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਬੜਾ ਚਿਰ ਹੋ ਗਿਐ ਹੁਣ ਤਾਂ ਉਨ੍ਹਾਂ ਨੂੰ ਰੁੱਸਿਆਂ ਹੋਇਆਂ,
ਉਹ ਝਟ ਸ਼ਿਕਵੇ ਮਿਟਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਉਹ ਮਿਲਦੇ ਸੀ ਤਾਂ ਦਿਲ ਵਿਚ ਫੁੱਲ-ਕਲੀਆਂ ਮਹਿਕ ਪੈਂਦੇ ਸਨ,
ਉਹ ਹੱਸ-ਹੱਸ ਕੇ ਬੁਲਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਮੇਰੀ ਹਰ ਠੀਕ ਗੱਲ ਨੂੰ ਵੀ ਉਹ ਅਜ-ਕਲ੍ਹ ਗਲਤ ਕਹਿੰਦੇ ਨੇ,
ਮੇਰੀ ਗਲਤੀ ਛੁਪਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਜ਼ਮਾਨਾ ਹੋ ਗਿਐ ਹੁਣ ਤਾਂ ਲਬਾਂ 'ਤੇ ਹਾਸਾ ਆਏ ਨੂੰ,
ਅਸੀਂ ਹੱਸਦੇ ਹਸਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

ਹਜ਼ਾਰਾਂ ਗਲਤੀਆਂ ਕੱਢਦੇ ਨੇ ਅਜਕੱਲ ਮੇਰੇ ਵਿਚ 'ਦਾਦਰ',
ਉਹ ਮੇਰੇ ਗੀਤ ਗਾਉਂਦੇ ਸੀ, ਜ਼ਮਾਨਾ ਹੋਰ ਹੁੰਦਾ ਸੀ।

•

## ਉਨ੍ਹਾਠ

ਘੁੱਪ ਹਨੇਰਾ, ਬਾਰਿਸ਼ ਪੈਂਦੀ, ਵਗਦੀ ਵਾਅ ਤੂਫ਼ਾਨੀ ਫੇਰ।
ਦੀਪ ਜਗਾਵਣ ਚੱਲੇ ਫਿਰ ਵੀ ਚਾਨਣ ਦੇ ਦਿਲ-ਜਾਨੀ ਫੇਰ।

ਸਿੱਧੇ-ਸਾਦੇ ਨੇ ਇਹ ਲੋਕੀਂ, ਸਮਝੇ ਨਾ ਕੁਰਸੀ ਦੀ ਚਾਲ,
ਤਾਂ ਹੀ ਵਾਅਦੇ ਕਰ ਕੇ ਨੇਤਾ, ਕਰ ਗਏ ਨੇ ਸ਼ੈਤਾਨੀ ਫੇਰ।

ਪਿਆਰ ਦਿਲਾਂ ਦਾ ਸੰਗਮ ਹੈ ਜਦ, ਮੇਲ ਹੈ ਇਹ ਦੋ ਰੂਹਾਂ ਦਾ,
ਕਾਹਤੋਂ ਘਲਦਾ ਏ ਦਿਲ-ਜਾਨੀ, ਛੱਲਾ, ਮੁੰਦੀ, ਗਾਨੀ ਫੇਰ।

ਬਾਰਿਸ਼ ਵਿਚ ਕੋਠੇ ’ਤੇ ਖੜ ਕੇ ਅੰਗੜਾਈ ਨੇ ਲੈਂਦੇ ਉਹ,
ਅੱਜ ਕਿਸੇ ਦੇ ਦਿਲ ’ਤੇ ਡਿੱਗਣੀ ਹੈ ਬਿਜਲੀ ਅਸਮਾਨੀ ਫੇਰ।

ਆਪਣੀਆਂ ਗ਼ਜ਼ਲਾਂ ਦੀ ਪੁਸਤਕ, ਤੂੰ ਛਪਵਾ ਲੈ ਜਲਦੀ ਨਾਲ,
ਬੱਚਿਆਂ ਨੇ ਚੱਲਣ ਨਈ੍ਹਂ ਦੇਣੀ, ਇਹ ਤੇਰੀ ਮਨ-ਮਾਨੀ ਫੇਰ।

ਘਰ ਦੇ ਪਹਿਰੇਦਾਰ ਸੀ ਜਿਹੜੇ, ਰਲ ਗਏ ਜਾ ਕੇ ਚੋਰਾਂ ਨਾਲ,
ਬੂਹੇ ’ਤੇ ਦਸਤਕ ਦਿੰਦੀ ਹੈ, ਬਰਬਾਦੀ-ਵੀਰਾਨੀ ਫੇਰ।

ਭਾਵੇਂ ‘ਦਾਦਰ’ ਭੁੱਲ ਹੀ ਬੈਠੋ, ਪਿਆਰ-ਮੁਹੱਬਤ ਵਾਲੇ ਦਿਨ,
ਆਵੇ ਸਾਉਣ ਮਹੀਨਾ ਜਦ ਵੀ, ਆਵੇ ਯਾਦ ਜਵਾਨੀ ਫੇਰ।

•



## ਸੱਠ

ਉਹ ਮੇਰੇ ਕੋਲ ਬੈਠੇ ਨੇ, ਤੇ ਦਿਲ ਦੀ ਬਾਤ ਕਰਦੇ ਨੇ।
ਕਰਿਸ਼ਮਾ ਇੰਜ ਦਾ ਵੇਖੋ, ਕਦੋਂ ਹਾਲਾਤ ਕਰਦੇ ਨੇ।

ਜਿਨ੍ਹਾਂ ਨੂੰ ਕੁਰਸੀ ਦੀ ਲੋਕੀਂ, ਅਤਾ ਸੌਗ਼ਾਤ ਕਰਦੇ ਨੇ।
ਮਚਾਉਂਦੇ ਨੇਰ੍ਹ ਸਾਈਂ ਦਾ, ਉਹ ਦਿਨ ਨੂੰ ਰਾਤ ਕਰਦੇ ਨੇ।

ਕਿਵੇਂ ਕਿਸਮਤ ਇਕੱਲੀ ਨੂੰ, ਤੂੰ ਝੱਲਿਆ ਮੰਨ ਲਿਆ ਦੋਸ਼ੀ,
ਤੇਰੀ ਬਾਜ਼ੀ ਨੂੰ ਤੇਰੇ ਕਰਮ ਵੀ ਤਾਂ ਮਾਤ ਕਰਦੇ ਨੇ।

ਤੁਸੀਂ ਜੋ ਮਿਲਣ ਨਈ੍ਹਂ ਆਉਂਦੇ, ਕੋਈ ਗਲ ਹੋਰ ਹੋਣੀ ਏਂ,
ਸਦਾ ਮਜਬੂਰ ਬੰਦੇ ਨੂੰ, ਕਿਤੇ ਹਾਲਾਤ ਕਰਦੇ ਨੇ ?

ਮੈਂ ਕਿੱਦਾਂ ਮੰਨ ਲਵਾਂ ਕਿ ਲੰਘ ਗਿਐ ਬਰਸਾਤ ਦਾ ਮੌਸਮ,
ਤੇਰੇ ਬਿਰਹਾ ’ਚ ਜਦ ਇਹ ਨੈਣ ਨਿਤ ਬਰਸਾਤ ਕਰਦੇ ਨੇ।

ਤੁਰੇ ਜੋ ਹੌਸਲਾ ਕਰਕੇ, ਉਨ੍ਹਾਂ ਨੇ ਪਾ ਲਈ ਮੰਜ਼ਿਲ,
ਅਜੇ ਤਕ ਰਹਿਨੁਮਾ ਥੀਂ ਆਲਸੀ ਗਲ-ਬਾਤ ਕਰਦੇ ਨੇ।

ਅਧੂਰੇ ਗੀਤ ਮੇਰੇ ਹੁਣ, ਮੁਕੰਮਲ ਹੋਣਗੇ, ਲੱਗਦੈ,
ਉਹ ਅੱਧੀ ਖੋਲ੍ਹ ਕੇ ਬਾਰੀ, ਜੋ ਮੈਨੂੰ ਝਾਤ ਕਰਦੇ ਨੇ।

ਮੇਰੇ ਸੂਰਜ! ਤੇਰੇ ਬਾਝੋਂ, ਮੇਰਾ ਜੀਵਨ ਹਨੇਰਾ ਹੈ,
ਇਹ ਤਾਰੇ, ਚੰਦ, ਜੁਗਨੂੰ ਵੀ ਕਦੇ ਪਰਭਾਤ ਕਰਦੇ ਨੇ?

ਤੂੰ ਕੇਵਲ ਕਾਫ਼ੀਏ, ਬਹਿਰਾਂ ਹੀ ਨਾ ਮੇਲੀ ਜਾ ਐ ‘ਦਾਦਰ’,
ਤੇਰੇ ਪਾਠਕ, ਤੇਰੀ ਹੁਣ ਨੋਟ ਹਰ ਇਕ ਬਾਤ ਕਰਦੇ ਨੇ।

•

## ਇਕਾਰ੍ਹ

ਵੇਖ ਕੇ ਕਾਲੀ ਘਟਾ ਅੰਬਰ 'ਤੇ ਛਾਈ, ਰੋ ਲਿਆ।
ਤੇਰੀਆਂ ਜ਼ੁਲਫ਼ਾਂ ਦੀ ਮੈਨੂੰ ਯਾਦ ਆਈ, ਰੋ ਲਿਆ।

ਜ਼ਿਕਰ ਤੇਰਾ ਛਿੜਿਆ ਜਦ ਵੀ, ਹੋ ਗਿਆ ਇਹ ਦਿਲ ਉਦਾਸ,
ਜਦ ਕਿਸੇ ਨੇ ਦਾਸਤਾਂ ਤੇਰੀ ਸੁਣਾਈ, ਰੋ ਲਿਆ।

ਖੋਹ ਲਿਆ ਮੇਰੇ ਤੋਂ ਮੇਰਾ ਯਾਰ, ਇਕ ਧਨਵਾਨ ਨੇ,
ਜਦ ਮੇਰੀ ਲੁੱਟੀ ਗਈ ਸਾਰੀ ਕਮਾਈ, ਰੋ ਲਿਆ।

ਤੇਰੇ ਅੱਖਰਾਂ ਦੀ ਬਨਾਵਟ, ਹੁਣ ਵੀ ਮੈਨੂੰ ਯਾਦ ਹੈ,
ਜਦ ਕਿਤੇ ਤੇਰੇ ਜਿਹੀ ਵੇਖੀ ਲਿਖਾਈ, ਰੋ ਲਿਆ।

ਟੰਗਦੇ ਹੁੰਦੇ ਸੀ ਜ਼ੁਲਫ਼ਾਂ ਤੇਰੀਆਂ ਵਿਚ ਫੁਲ ਕਦੇ,
ਪੋਟਿਆਂ 'ਤੇ ਜਦ ਕਦੀ ਵੀ ਨਜ਼ਰ ਪਾਈ, ਰੋ ਲਿਆ।

ਗ਼ਮ ਤਾਂ ਕੀ, ਹੁਣ ਤਾਂ ਖ਼ੁਸ਼ੀ ਵੀ ਦਿਲ ਮੇਰਾ ਸਹਿੰਦਾ ਨਹੀਂ,
ਜਦ ਕਲੀ ਦਿਲ ਦੀ ਜ਼ਰਾ ਵੀ ਮੁਸਕਰਾਈ, ਰੋ ਲਿਆ।

ਤੈਂ ਮੇਰਾ ਸ਼ੀਸ਼ੇ ਜਿਹਾ ਦਿਲ ਤੋੜਿਆ, ਰੋਇਆ ਨਾ ਮੈਂ,
ਜਦ ਖ਼ਬਰ ਤੇਰਾ ਵੀ ਦਿਲ ਟੁੱਟਣ ਦੀ ਆਈ, ਰੋ ਲਿਆ।

ਮੈ-ਕਦੇ ਵਿਚ ਮੈਂ ਕਦੇ, ਜਦ ਵੀ ਗਿਆਂ ਤੈਨੂੰ ਭੁਲਾਉਣ,
ਸਾਕੀ ਦੀ ਸੂਰਤ 'ਚ ਤੂੰ ਦਿੱਤੀ ਵਿਖਾਈ, ਰੋ ਲਿਆ।

ਤੇਰੇ ਮੁੜ ਕੇ ਆਉਣ ਦੀ ਸੀ ਆਸ 'ਦਾਦਰ' ਨੂੰ ਬੜੀ,
ਪਰ ਜਦੋਂ ਸੁਣਿਆ ਕਿ ਤੂੰ ਹੋ ਗਈ ਪਰਾਈ, ਰੋ ਲਿਆ।

•



## ਬਾਰ੍ਹ

ਬਣਾਈ ਜਾ ਰਹੇ ਨੇ ਲੋਕ ਭਾਵੇਂ ਕੋਠੀਆਂ ਥਾਂ-ਥਾਂ।
ਵਿਖਾਈ ਦਿੰਦੀਆਂ ਨੇ ਫਿਰ ਵੀ ਢਾਰੇ-ਕੁੱਲੀਆਂ ਥਾਂ-ਥਾਂ।

ਘੁਟਣ ਮਹਿਸੂਸ ਹੁੰਦੀ ਏ, ਹਰਿਕ ਬੰਦੇ ਨੂੰ ਘਰ ਅੰਦਰ,
ਬਿਸ਼ਕ ਕਮਰੇ ਬੜੇ ਖੁੱਲ੍ਹੇ, ਤੇ ਬੂਹੇ-ਬਾਰੀਆਂ ਥਾਂ-ਥਾਂ।

ਉਹ ਕਰਕੇ ਚਾਪਲੂਸੀ ਪੁਜ ਗਏ ਨੇ ਉੱਚੇ ਅਹੁਦੇ 'ਤੇ,
ਪਿਛਾੜੀ ਜਾਂਦੀਆਂ ਨੇ ਮੈਨੂੰ ਇਹ ਬੇਬਾਕੀਆਂ ਥਾਂ-ਥਾਂ।

ਉਨ੍ਹਾਂ ਦੀ ਰਹਿਨੁਮਾਈ ਹੇਠ ਸਾਰਾ ਸ਼ਹਿਰ ਜਲਦਾ ਹੈ,
ਬਿਠਾਈਆਂ ਨੇ ਜਿਨ੍ਹਾਂ ਨੇ ਖ਼ੁਦ ਸੁਰੱਖਿਆ ਚੌਂਕੀਆਂ ਥਾਂ-ਥਾਂ।

ਬਿਨਾਂ ਰਿਸ਼ਵਤ ਕਿਸੇ ਉੱਤਰ ਨਾ ਦੇਣਾ ਸੀ, ਨਾ ਦਿੱਤਾ ਹੈ,
ਮੈਂ ਲਿਖ ਲਿਖ ਨੌਕਰੀ ਲਈ ਘੱਲੀਆਂ ਸੀ ਅਰਜ਼ੀਆਂ ਥਾਂ-ਥਾਂ।

ਮੁਸ਼ੱਕਤ ਬਹੁਤ ਕਰਨੀ ਪੈਂਦੀ ਏ ਇਕ ਘਰ ਬਨਾਉਣੇ ਨੂੰ,
ਤੂਫ਼ਾਨੋ! ਬਾਜ਼ ਆਵੋ, ਨਾ ਉਜਾੜੋ ਬਸਤੀਆਂ ਥਾਂ-ਥਾਂ।

ਰਿਹਾ ਤੁਰਦਾ ਨਿਰੰਤਰ ਮੈਂ, ਨਾ ਪਲ਼ ਵੀ ਠਹਿਰਿਆਂ ਰਾਹ ਵਿਚ,
ਬਿਸ਼ਕ ਰਸਤੇ 'ਚ ਮੇਰੇ ਸੰਗ ਬਲਾਵਾਂ ਉਲਝੀਆਂ ਥਾਂ-ਥਾਂ।

ਕਦੋਂ ਦੇ ਭੱਜ ਗਏ ਨੇ ਖੇਡ ਕੇ ਉਹ ਖ਼ੂਨ ਦੀ ਹੋਲੀ,
ਤੁਸੀਂ ਹੁਣ ਕਿਸ ਲਈ ਕਰਦੇ ਓ ਨਾਕਾ-ਬੰਦੀਆਂ ਥਾਂ-ਥਾਂ।

ਇਰਾਦੇ ਲਗਦੇ ਨੇ ਤੇਰੇ ਇਕੱਲੇ ਰਹਿਣ ਦੇ 'ਦਾਦਰ',
ਸੁਣਾਉਂਦਾ ਏਂ ਤੂੰ ਜਿਹੜਾ ਸਭ ਨੂੰ ਗੱਲਾਂ ਸੱਚੀਆਂ ਥਾਂ-ਥਾਂ।

•

## ਤਰ੍ਹ

ਜਿਉਂ ਜਿਉਂ ਅਹੁਦੇ ਉੱਚੇ ਹੁੰਦੇ ਜਾਂਦੇ ਨੇ।
ਲੋਕੀਂ ਦਿਲ ਦੇ ਛੋਟੇ ਹੁੰਦੇ ਜਾਂਦੇ ਨੇ।

ਲੱਗਦੈ ਮੰਜ਼ਿਲ ਨੇੜੇ ਆ ਗਈ ਹੈ ਯਾਰੋ,
ਰਸਤੇ ਟੇਢੇ-ਮੇਢੇ ਹੁੰਦੇ ਜਾਂਦੇ ਨੇ।

ਨਾਲ ਇਨ੍ਹਾਂ ਦੇ ਪਰੀਆਂ ਵਿਆਹ ਕਰਵਾਉਣਗੀਆਂ?
ਘਰ-ਘਰ ਤਾਂ ਹੁਣ ਮੁੰਡੇ ਹੁੰਦੇ ਜਾਂਦੇ ਨੇ।

ਫੁੱਲ ਜੋ ਕੰਡਿਆਂ ਵਰਗੇ ਹੋ ਗਏ ਨੇ ਅਜ-ਕਲ੍ਹ,
ਯਾਰ ਦੁਸ਼ਮਣਾਂ ਵਰਗੇ ਹੁੰਦੇ ਜਾਂਦੇ ਨੇ।

ਮਾਲੀ ਚੁਣ-ਚੁਣ ਤੋੜੀ ਜਾਂਦੈ ਫੁੱਲਾਂ ਨੂੰ,
ਜਿਉਂ-ਜਿਉਂ ਉਹ ਜੋਬਨ 'ਤੇ ਹੁੰਦੇ ਜਾਂਦੇ ਨੇ।

ਗ਼ੈਰਾਂ ਦਾ ਕੀ ਲਾਭ ਹੈ ਨਾਲ ਖਲੋਇਆਂ ਦਾ,
ਅਪਣੇ ਹੀ ਜਦ ਪਿੱਛੇ ਹੁੰਦੇ ਜਾਂਦੇ ਨੇ।

ਪੁੱਛਦੇ ਨਹੀਂ ਬਜ਼ੁਰਗਾਂ ਨੂੰ ਹੁਣ ਧੀ-ਪੁੱਤਰ,
ਪਿਛਲੇ ਸਿੱਕੇ ਖੋਟੇ ਹੁੰਦੇ ਜਾਂਦੇ ਨੇ।

ਹੋਰ ਕਿਸੇ ਦਾ ਨਹੀਂ, ਇਹ ਕੰਮ ਹੈ ਮਾਲੀ ਦਾ,
ਬਾਗ਼ 'ਚ ਨਿੱਤ ਉਜਾੜੇ ਹੁੰਦੇ ਜਾਂਦੇ ਨੇ।

ਸ਼ਿਅਰਾਂ ਉੱਤੇ ਜਿਉਂ-ਜਿਉਂ ਜੋਬਨ ਆਉਂਦਾ ਹੈ,
'ਦਾਦਰ' ਹੋਰੀਂ ਬੁੱਢੇ ਹੁੰਦੇ ਜਾਂਦੇ ਨੇ।

•



## ਚੌਹ੍ਹ

ਬਣੇ ਮੁਸ਼ਕਿਲ 'ਤੇ ਜੇ ਮੁਸ਼ਕਿਲ, ਮਜ਼ਾ ਕੁਝ ਹੋਰ ਹੋ ਜਾਵੇ।
ਮਿਲੇ ਜੇ ਜੂਝ ਕੇ ਮੰਜ਼ਿਲ, ਮਜ਼ਾ ਕੁਝ ਹੋਰ ਹੋ ਜਾਵੇ।

ਸਫ਼ਰ ਲੰਬਾ ਹੈ, ਮੁਸ਼ਕਿਲ ਹੈ, ਸਫ਼ਰ ਵਿਚ ਦਿਲਕਸ਼ੀ ਘੱਟ ਹੈ,
ਤੁਸੀਂ ਹੋਵੋ ਅਗਰ ਸ਼ਾਮਿਲ, ਮਜ਼ਾ ਕੁਝ ਹੋਰ ਹੋ ਜਾਵੇ।

ਕਿਸੇ ਦੀ ਰਹਿਨੁਮਾਈ ਜੇ ਦਿਖਾਏ ਰਾਹ, ਤਾਂ ਕਿਆ ਗੱਲ ਹੈ,
ਜੇ ਰਾਹੀ ਹੋਣ ਖ਼ੁਦ ਕਾਮਿਲ, ਮਜ਼ਾ ਕੁਝ ਹੋਰ ਹੋ ਜਾਵੇ।

ਕਰੇ ਨਾ ਆਦਮੀ ਦੇ ਨਾਲ ਨਫ਼ਰਤ ਆਦਮੀ ਕੋਈ,
ਦਿਲਾਂ ਵਿਚ ਪਿਆਰ ਜਾਵੇ ਖਿਲ, ਮਜ਼ਾ ਕੁਝ ਹੋਰ ਹੋ ਜਾਵੇ।

ਨਾ ਮੰਜ਼ਿਲ ਦਾ ਪਤਾ ਮੈਨੂੰ, ਨਾ ਰਸਤੇ ਦਾ, ਨਾ ਮੌਸਮ ਦਾ,
ਜੇ ਮੰਜ਼ਿਲ ਫਿਰ ਵੀ ਜਾਏ ਮਿਲ, ਮਜ਼ਾ ਕੁਝ ਹੋਰ ਹੋ ਜਾਵੇ।

ਰਿਹਾਈ ਨਾ ਮਿਲੇ ਦੋਸ਼ੀ ਨੂੰ, ਨਾ ਨਿਰਦੋਸ਼ ਨੂੰ ਫਾਂਸੀ,
ਫੜੇ ਸਭ ਜਾਣ ਜੇ ਕਾਤਿਲ, ਮਜ਼ਾ ਕੁਝ ਹੋਰ ਹੋ ਜਾਵੇ।

ਸਜਨ ਜਦ ਨਾਲ ਹੈ ਮੇਰੇ, ਬੜਾ ਪੁਰਕੈਫ਼ ਹੈ ਰਸਤਾ,
ਹੋ ਜਾਏ ਦੂਰ ਜੇ ਮੰਜ਼ਿਲ, ਮਜ਼ਾ ਕੁਝ ਹੋਰ ਹੋ ਜਾਵੇ।

ਸੁਣਾ ਕੇ ਸ਼ਿਅਰ ਮਹਿਫ਼ਿਲ ਵਿਚ, ਬੜਾ ਰੰਗ ਬੰਨਿਐਂ 'ਦਾਦਰ',
ਸਜੇ ਕੁਝ ਹੋਰ ਚਿਰ ਮਹਿਫ਼ਿਲ, ਮਜ਼ਾ ਕੁਝ ਹੋਰ ਹੋ ਜਾਵੇ।

ਜਿਵੇਂ 'ਦਾਦਰ' ਉਹ ਮੇਰੇ ਨਾਲ ਘੁਟ-ਘੁਟ ਹੱਥ ਮਿਲਾਉਂਦਾ ਹੈ,
ਇਵੇਂ ਹੀ ਜੇ ਮਿਲਾਵੇ ਦਿਲ, ਮਜ਼ਾ ਕੁਝ ਹੋਰ ਹੋ ਜਾਵੇ।

•

## ਪੈਂਡੂ

ਚਿਹਰਾ ਜਦੋਂ ਵੀ ਵੇਖਿਆ, ਖਿੜਦੇ ਗੁਲਾਬ ਦਾ।
ਅੱਖਾਂ ਦੇ ਮੋਹਰੇ ਆ ਗਿਆ, ਮੁਖੜਾ ਜਨਾਬ ਦਾ।

ਸਤਿਲੁਜ-ਬਿਆਸ ਜਿਸ ਤਰ੍ਹਾਂ ਏਧਰ ਉਦਾਸ ਨੇ,
ਓਧਰ ਵੀ ਦਿਲ ਉਦਾਸ ਹੈ, ਜਿਹਲਮ-ਚਿਨਾਬ ਦਾ।

ਹਰ ਤੀਰ ਸਿੱਧਾ ਆਣਕੇ ਜ਼ਖ਼ਮਾਂ 'ਤੇ ਲੱਗ ਰਿਹੈ,
ਇਹ ਹੈ ਜ਼ਰੂਰ ਕੰਮ ਕਿਸੇ, ਵਾਕਫ਼ ਜਨਾਬ ਦਾ।

ਰਾਤਾਂ ਨੇ ਫ਼ਿਕਰ-ਵਿੰਨ੍ਹੀਆਂ, ਤੇ ਦਿਨ ਉਦਾਸ ਨੇ,
ਨਕਸ਼ਾ ਕਰਾਂ ਮੈਂ ਪੇਸ਼ ਕੀ, ਹਾਲਤ ਖ਼ਰਾਬ ਦਾ।

ਢਲ ਗਈ ਏ ਸ਼ਾਮ ਸਾਕੀਆ, ਮਹਿਫ਼ਿਲ ਵੀ ਉਠ ਗਈ,
ਛਡ ਹੁਣ ਤਾਂ ਪਰਦੇਦਾਰੀਆਂ, ਕੀ ਕੰਮ ਨਕਾਬ ਦਾ।

ਮਰਦੇ ਨੂੰ ਵੇਖ ਕੇ ਤਾਂ ਉਹ ਕੋਲੋਂ ਦੀ ਲੰਘ ਗਏ,
ਪੁਛਦੇ ਨੇ ਹਾਲ-ਚਾਲ ਅਜ, ਉਹ ਸਿਹਤਯਾਬ ਦਾ।

ਹਨ ਦਰਜ਼ ਇਸ ਵਿਚ ਬਹੁਤ ਹੀ ਗੱਲਾਂ ਪਤੇ ਦੀਆਂ,
ਐਵੇਂ ਨਾ ਪਲਟ ਤੂੰ ਸਫ਼ਾ ਜੀਵਨ-ਕਿਤਾਬ ਦਾ।

ਪੀੜਾਂ ਘਟਾ ਗਿਐ, ਉਦ੍ਹੇ ਦਰਸ਼ਨ ਕਰਾ ਗਿਐ,
ਲੱਖ ਵਾਰ ਸ਼ੁਕਰੀਆ ਕਰਾਂ, ਸੱਜਣ ਦੇ ਖ਼ਾਬ ਦਾ।

ਪਰਦੇਸ ਜਾ ਕੇ 'ਦਾਦਰਾ' ਘਰ-ਬਾਰ ਭੁੱਲ ਗਏ,
ਚੇਤਾ ਰਿਹਾ ਨਾ ਵਤਨ ਵਿਚ ਭੁੱਜਦੇ ਸ਼ਬਾਬ ਦਾ।

•



## ਛਿਆਰੂ

ਜਲਾ ਕੇ ਦੀਪ ਯਾਦਾਂ ਦੇ, ਕਦੀ ਨਾ ਰੌਸ਼ਨੀ ਕਰਨਾ!
ਤੂੰ ਮੈਨੂੰ ਯਾਦ ਕਰ-ਕਰ ਕੇ, ਕਦੀ ਨਾ ਦਿਲ ਦੁਖੀ ਕਰਨਾ!

ਅਸਾਂ ਨੇ ਸ਼ਹਿਰ ਤੇਰੇ ਤੋਂ ਉਡਾਰੀ ਮਾਰ ਜਾਣੀ ਹੈ,
ਤੂੰ ਪਰਦੇਸੀ ਪਰਿੰਦੇ ਦੀ ਕਦੀ, ਨਾ ਪੈਰਵੀ ਕਰਨਾ!

ਪੁਚਾਵੇ ਨਾ ਜੋ ਮੰਜ਼ਿਲ 'ਤੇ, ਸਫ਼ਰ ਦੁਸ਼ਵਾਰ ਕਰ ਦੇਵੇ,
ਖ਼ੁਦਾ ਦੇ ਵਾਸਤੇ ਐਸੀ, ਕਦੀ ਨਾ ਰਹਿਬਰੀ ਕਰਨਾ!

ਭੁਲਾ ਦੇਵੇਂ ਅਗਰ ਵਾਅਦੇ ਇਕੱਠਿਆਂ ਜੀਣੇ-ਮਰਨੇ ਦੇ,
ਲਿਖੀਂ ਨਾ ਖ਼ਤ ਕਦੀ ਮੈਨੂੰ, ਕਦੀ ਨਾ ਯਾਦ ਵੀ ਕਰਨਾ!

ਟਿਕੀ ਹੋਈ ਹੈ ਇਹ ਦੁਨੀਆਂ ਮੁਹੱਬਤ ਦੇ ਭਰੋਸੇ 'ਤੇ,
ਕਿਸੇ ਦੇ ਨਾਲ ਵੀ ਉਲਫ਼ਤ, ਕਦੀ ਨਾ ਕਾਗਜ਼ੀ ਕਰਨਾ!

ਘਰਾਂ ਦੇ ਦੀਪ ਹੀ ਅਕਸਰ ਘਰਾਂ ਨੂੰ ਫੂਕ ਦਿੰਦੇ ਨੇ,
ਕਿਸੇ ਦੇ ਘਰ 'ਚ ਭੁੱਲ ਕੇ ਵੀ, ਕਦੀ ਨਾ ਅੱਗਜ਼ਨੀ ਕਰਨਾ!

ਸਦਾ ਬੈਠੇ ਨਹੀਂ ਰਹਿਣਾ, ਸਦਾ ਲਈ ਤੇਰਿਆਂ ਯਾਰਾਂ,
ਕਿਸੇ ਦੁਸ਼ਮਣ ਮਰੇ 'ਤੇ ਤੂੰ, ਕਦੀ ਨਾ ਦਿਲ-ਲਗੀ ਕਰਨਾ!

ਸਹਾਰੇ ਮਿਲ ਵੀ ਜਾਂਦੇ ਨੇ, ਸਹਾਰੇ ਖੁਸ ਵੀ ਜਾਂਦੇ ਨੇ,
ਦਿਲਾ! ਤੂੰ ਹੌਸਲਾ ਰੱਖਣਾ, ਕਦੀ ਨਾ ਖ਼ੁਦ-ਕੁਸ਼ੀ ਕਰਨਾ!

ਤੂੰ ਸ਼ਾਇਰ ਹੈਂ, ਨਹੀਂ ਨੇਤਾ, ਤੂੰ ਇਸ ਗੱਲ ਨੂੰ ਸਮਝ 'ਦਾਦਰ',
ਸਿਆਸੀ ਸੋਚ ਵਰਗੀ ਤੂੰ, ਕਦੀ ਨਾ ਸ਼ਾਇਰੀ ਕਰਨਾ!

•

## ਸਤਾਰ੍ਹ

ਉਮੀਦ ਸੀ ਐਤਕੀਂ ਦੀ ਵਾਰੀ, ਖ਼ੁਸ਼ੀ-ਖ਼ੁਸ਼ੀ ਹੀ ਇਹ ਸਾਲ ਜਾਊ।
ਖ਼ਬਰ ਨਹੀਂ ਸੀ ਕਿ ਜਾਂਦਾ ਹੋਇਆ, ਇਹ ਰੰਗ ਐਸੇ ਵਿਖਾਲ ਜਾਊ।

ਬਦੀ ਦੇ ਬਦਲੇ ਬਦੀ ਮਿਲੂਗੀ, ਮਿਲੂਗੀ ਨੇਕੀ ਦੇ ਬਦਲੇ ਨੇਕੀ,
ਕਿਸੇ ਦੇ ਘਰ ਨੂੰ ਜੋ ਅੱਗ ਲਾਉਂਦੈਂ, ਇਹ ਅੱਗ ਤੈਨੂੰ ਵੀ ਜਾਲ ਜਾਊ।

ਨਿਰਾਸ਼ ਨਾ ਹੋ, ਤੂੰ ਉਠ ਯਤਨ ਕਰ, ਸਫ਼ਰ 'ਚ ਡਿਗਦੇ-ਸੰਭਲਦੇ ਨੇ ਸਭ,
ਤੂੰ ਹਾਰ ਨੂੰ ਜਿਤ ਦੇ ਵਿਚ ਬਦਲ ਦੇ, ਯਕੀਨ ਰਖ ਹੋ ਕਮਾਲ ਜਾਊ।

ਜਿਨ੍ਹਾਂ 'ਤੇ ਹਕ ਹੀ ਨਹੀਂ ਸੀ ਕੋਈ, ਉਨ੍ਹਾਂ ਤੋਂ ਕੀ ਸੀ ਮੈਂ ਆਸ ਰੱਖਣੀ,
ਯਕੀਨ ਕਿਸ ਨੂੰ ਸੀ ਹਮਸਫ਼ਰ ਵੀ, ਮੁਸੀਬਤਾਂ ਵਿਚ ਇਉਂ ਟਾਲ ਜਾਊ।

ਕਰੀ ਗਏ ਆਸ ਰਾਹਬਰ ਤੋਂ, ਦਿਖਾਏਗਾ ਕਾਫ਼ਿਲੇ ਨੂੰ ਰਸਤਾ,
ਕਦੋਂ ਅਸਾਂ ਸੋਚਿਆ ਸੀ ਐਸਾ, ਕਿ ਉਹ ਵੀ ਕਰ ਕੋਈ ਚਾਲ ਜਾਊ।

ਬਣਾ ਨਾ ਖ਼ੁਦ ਨੂੰ ਤਮਾਸ਼ਾ ਐ ਦਿਲ, ਨਹੀਂ ਕਿਸੇ ਕੋਲ ਇਸ ਦਾ ਚਾਰਾ,
ਜੋ ਜ਼ਖ਼ਮ ਤੈਨੂੰ ਉਹ ਦੇ ਗਿਆ ਹੈ, ਉਹ ਜ਼ਿੰਦਗੀ ਦੇ ਹੀ ਨਾਲ ਜਾਊ।

ਟਿਕਾ ਲਿਐ ਸਿਰ ਤਲੀ ਦੇ ਉੱਤੇ, ਕਹਾਂਗਾ ਸੱਚ ਨੂੰ ਮੈਂ ਸੱਚ ਯਾਰੋ,
ਤੁਹਾਡੇ ਵਾਂਗੂੰ ਤਾਂ ਡਰ ਕੇ ਜੀਣਾ, ਮੇਰੇ ਲਈ ਹੋ ਮੁਹਾਲ ਜਾਊ।

ਸੁਣਾ ਸੁਣਾ ਕੇ ਇਹ ਗ਼ਮ ਦੀ ਗਾਥਾ, ਮਨੂਰ ਬਣਿਆ ਪਿਐ ਮੇਰਾ ਦਿਲ,
ਰੁਮਾਲ ਅਪਣੇ ਹੀ ਹੱਥ 'ਚ ਰੱਖੀਂ, ਤੇਰੇ ਤੋਂ ਸੁਣਿਆ ਨਾ ਹਾਲ ਜਾਊ।

ਉਦਾਸ ਨਾ ਹੋ ਤੂੰ ਇੰਜ ਐ ਦਿਲ, ਤੂੰ ਅਪਣੀ ਉਲਫ਼ਤ 'ਚ ਰਖ ਭਰੋਸਾ,
ਨਾ ਸੋਚ ਤੂੰ, ਐਨੀ ਜਲਦੀ 'ਦਾਦਰ', ਵਿਸਾਰ ਤੇਰਾ ਖ਼ਿਆਲ ਜਾਊ।

•



## ਅਠ੍ਹਾਰ

ਸਫ਼ਰ ਸੌਖੇ ਨਹੀਂ ਹੁੰਦੇ, ਸਫ਼ਰ ਦੀ ਜਾਣਕਾਰੀ ਰੱਖ!
ਸਵਾਗਤ ਮੁਸ਼ਕਿਲਾਂ ਕਰਨੈ, ਦਿਲਾ ਪੂਰੀ ਤਿਆਰੀ ਰੱਖ!

ਜੇ ਅਪਣੀ ਜਾਨ ਚਾਹੁੰਦਾ ਏਂ, ਤਾਂ ਏਥੋਂ ਉੱਡ ਜਾ ਪੰਛੀ!
ਤੇਰੀ ਪਰਵਾਜ਼ 'ਤੇ ਅਜ-ਕਲ੍ਹ, ਰਿਹੈ ਨਜ਼ਰਾਂ ਸ਼ਿਕਾਰੀ ਰੱਖ!

ਰੋਜ਼ਾਨਾ ਜਨਮ ਲੈਂਦਾ ਹੈ, ਸਵੇਰਾ ਨੇਰ੍ਹ ਦੀ ਕੁੱਖੋਂ,
ਬੜੇ ਮੌਕੇ ਨੇ ਜਿੱਤਣ ਦੇ, ਨਾ ਐਵੇਂ ਸੋਚ ਹਾਰੀ ਰੱਖ!

ਸਮਾਂ ਖ਼ਰਗੋਸ਼ ਦੀ ਚਾਲੇ, ਨਿਰੰਤਰ ਚਲਦਾ ਰਹਿੰਦੈ,
ਨਾ ਤੁਰ ਤੂੰ ਚਾਲ ਕਛੂਏ ਦੀ, ਤੂੰ ਪੌਣਾਂ ਦੀ ਸਵਾਰੀ ਰੱਖ!

ਕਿਸੇ ਨੂੰ ਸਮਝ ਕੇ ਕੀੜੇ-ਮਕੌੜੇ, ਮਸਲ ਨਾ ਦੇਵੀਂ,
ਬਿਸ਼ਕ ਸੂਮੋ, ਮਰੂਤੀ ਜੈੱਨ, ਸਿਟੀ ਹੌਂਡਾ, ਸਫ਼ਾਰੀ ਰੱਖ!

ਕਦੀ ਇਹ ਹੋਂਦ ਤੇਰੀ ਦਾ ਵੀ ਸ਼ੀਸ਼ਾ ਤੋੜ ਸਕਦੇ ਨੇ,
ਕਿਸੇ ਦੇ ਮਾਰ ਨਾ ਪੱਥਰ, ਨਾ ਪੱਥਰਾਂ ਨਾਲ ਯਾਰੀ ਰੱਖ!

ਤੇਰੀ ਸ਼ਾਇਰੀ ਵੀ ਤੁਕ-ਬੰਦੀ ਹੀ ਨਾ ਰਹਿ ਜਾਏ ਐ 'ਦਾਦਰ',
ਤੂੰ ਅਪਣੀ ਸੋਚ ਨੂੰ ਉੱਚੀ, ਨਰੋਈ ਤੇ ਮਿਆਰੀ ਰੱਖ!

•

## ਸੱਤਰ

### ਮੁਸਤਜ਼ਾਦ ਗ਼ਜ਼ਲ (ਡਿਓੜ)

ਪੱਛਮ 'ਚੋਂ ਨਿਕਲਿਆ ਏ, ਅੱਜ ਆਫ਼ਤਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।
ਸਾਡੇ ਗਰੀਬ-ਖ਼ਾਨੇ, ਆਏ ਜਨਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਮਿਹਨਤ ਹੈ ਮੈਂ ਵੀ ਕੀਤੀ, ਮਿਹਨਤ ਉਨ੍ਹੇਂ ਵੀ ਕੀਤੀ,
ਫਿਰ ਵੀ ਕਿਉਂ ਜ਼ਿੰਦਗੀ ਵਿਚ,
ਨਾ-ਕਾਮਯਾਬ ਹਾਂ ਮੈਂ, ਉਹ ਕਾਮਯਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਪਾਗਲ ਹਵਾ ਨੇ ਜਿਹੜੇ, ਮਾਸੂਮ ਫੁੱਲ ਝਾੜੇ,
ਅਣਗਿਣਤ ਨੇ ਉਹ ਯਾਰੋ,
ਹਰ ਇੱਕ ਫੁੱਲ ਦਾ ਉਹ, ਦੇਊ ਹਿਸਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਗੱਲ ਦਿਲ ਦੀ ਜਦ ਮੈਂ ਛੇੜਾਂ, ਉਹ ਗੱਲ ਹੀ ਟਾਲ ਦੇਂਦੈ,
ਗੱਲੀਂ ਗੁਆਉਂਦੈ ਗੱਲ ਨੂੰ,
ਯਾਰੋ! ਮੈਂ ਅਪਣੇ ਦਿਲ ਦੀ, ਖੋਲ੍ਹਾਂ ਕਿਤਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਇਸ ਗੁਲਸਿਤਾਂ ਦਾ ਮਾਲੀ, ਪਤਝੜ ਨੂੰ ਕਹਿ ਰਿਹਾ ਹੈ,
"ਖ਼ੁਸ਼-ਆਮਦੀਦ! ਆ ਜਾ!",
ਮਹਿਕਾਂ ਖਿੰਡਾਉਣਗੇ ਹੁਣ, ਏਥੇ ਗੁਲਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।



ਸਾਨੂੰ ਤਾਂ ਹੱਡ-ਭੰਨਵੀਂ, ਦਿਨ-ਰਾਤ ਕਰਕੇ ਮਿਹਨਤ,
ਮਿਲਦੀ ਹੈ ਦਾਲ-ਰੋਟੀ,
ਮਿਲਦੀ ਹੈ ਵਿਹਲੜਾਂ ਨੂੰ, ਮੱਛੀ-ਸ਼ਰਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਗੁਲਸ਼ਨ ਦੀ ਮਹਿਕ ਲੁੱਟੀ, ਮਾਲੀ ਨੇ ਅਪਣੇ ਹੱਥੀਂ,
ਸਭ ਜਾਣਦੇ ਨੇ ਲੇਕਿਨ,
ਗੁਲਸ਼ਨ 'ਚ ਹੁਣ ਵੀ ਫਿਰਦੈ, ਉਹ ਬੇ-ਨਕਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਦੁਸ਼ਮਣ ਦੇ ਨਾਲ ਵੀ ਤੈਂ, ਮਾੜੀ ਨਹੀਂ ਸੀ ਕੀਤੀ,
ਮੈਂ ਜਾਣਦਾ ਹਾਂ, ਫਿਰ ਵੀ,
ਤੇਰੇ ਯਾਰਾਂ ਦਿੱਤੈ ਤੈਨੂੰ, ਦੁਖ ਬੇ-ਹਿਸਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

ਜਦ ਜਦ ਵੀ ਅੱਖੀਆਂ ਦੇ, ਆਉਂਦਾ ਹੈ ਸਾਹਮਣੇ ਉਹ,
ਕਰਦੈ ਅਜੀਬ ਜਾਦੂ,
ਉਸ ਵਕਤ ਮੇਰੇ ਦਿਲ ਦੀ, ਵੱਜੇ ਰਬਾਬ ਕਿੱਦਾਂ?
ਇਹ ਗੱਲ ਸਮਝ ਨਾ ਆਵੇ।

•

## ਇਕੱਤਰ

### ਮੁਸਤਜ਼ਾਦ ਗ਼ਜ਼ਲ (ਸਵਾਈ)

ਮੇਰੀ ਤਾਂ ਆਦਤ ਹੈ ਸਭ ਵਿਚ, ਜਲਦੀ ਰਚ-ਮਿਚ ਜਾਣਾ,
ਹੱਸਣਾ-ਗਾਣਾ।
ਮੇਰੇ ਦਿਲ ਨੂੰ ਮੂਲ ਨਾ ਭਾਵੇ, ਜੁਦਾ-ਜੁਦਾ ਰਹਿ ਪਾਣਾ,
ਭੱਜ-ਭੱਜ ਜਾਣਾ।

ਕੁਝ ਪਲ਼ ਹੋਰ ਜੇ ਬੱਦਲ ਬਰਸੇ, ਚੱਲੀਆਂ ਤੇਜ਼ ਹਵਾਵਾਂ,
ਮੈਂ ਘਬਰਾਵਾਂ,
ਇਕ ਦੀਵਾ ਵੀ ਬਲਦਾ ਕਿਧਰੇ, ਨਹੀਂ ਨਜ਼ਰ ਫਿਰ ਆਣਾ,
ਨੇਰ੍ਹਾ ਛਾਣਾ।

ਪੌਪ-ਸੌਂਗ ਕੇਬਲ ਟੀ.ਵੀ. ਤੋਂ, ਸੁਣਕੇ ਜੋ ਨੱਚਦਾ ਹੈ,
ਅੱਤ ਚੱਕਦਾ ਹੈ,
ਬੁੱਲ੍ਹਾ, ਵਾਰਿਸ, ਸ਼ਿਵ ਤੇ ਸਾਹਿਰ, ਉਸ ਦੇ ਮਨ ਕੀ ਭਾਣਾ,
ਨਾ ਸਮਝਾਣਾ।

ਉਹ ਤਾਂ ਖ਼ੁਸ਼ੀਆਂ ਦੇ ਰੰਗ ਮਾਣੇ, ਮਹਿਫ਼ਿਲ ਮਹਿਫ਼ਿਲ ਜਾਵੇ,
ਸੋਹਲੇ ਗਾਵੇ,
ਜਿਸ ਦੇ ਹਿਜਰ 'ਚ ਭੁੱਲ ਬੈਠਾ ਹਾਂ, ਮੈਂ ਤਾਂ ਪੀਣਾ-ਖਾਣਾ,
ਹੱਸਣਾ-ਗਾਣਾ।

ਭਾਵੇਂ ਆਪਾਂ ਇਕ-ਦੂਜੇ ਦੇ, ਚੋਰੀ ਆਈਏ-ਜਾਈਏ,
ਨਜ਼ਰ ਮਿਲਾਈਏ,
ਅਪਣੀ ਉਲਫ਼ਤ ਨੇ ਪਰ ਇਕ ਦਿਨ, ਨਗ਼ਮਾ ਹੈ ਬਣ ਜਾਣਾ,
ਸਭ ਨੇ ਗਾਣਾ।



ਉਸ ਮੂਰਖ ਦੀ ਮੂਰਖਤਾ 'ਤੇ, ਮੈਂ ਕਿੱਦਾਂ ਨਾ ਹੱਸਾਂ,
ਗੱਲ ਕੀ ਦੱਸਾਂ ?
ਨਿੰਮ ਬੀਜ ਕੇ ਜਿਹੜਾ ਚਾਹੁੰਦਾ ਹੈ ਮਿੱਠੇ ਫਲ ਖਾਣਾ,
ਬਹੁਤ ਨਿਆਣਾ।

ਬਸਤਰ ਵੇਖ ਕੇ ਸ਼ਖ਼ਸ਼ੀਅਤ ਦਾ, ਕਿਵੇਂ ਕਿਆਫ਼ਾ ਲਾਵਾਂ,
ਸਮਝ ਨਾ ਪਾਵਾਂ,
ਚੋਰਾਂ ਨੇ ਵੀ ਸਾਧਾਂ ਵਰਗਾ ਪਹਿਨ ਲਿਆ ਹੈ ਬਾਣਾ,
ਕਿਵੇਂ ਪਛਾਣਾ ?

ਜਦ ਸੀ ਗਿਰਝਾਂ, ਬਾਜਾਂ ਇੱਥੇ ਮੱਲਿਆ ਆਲ-ਦੁਆਲਾ,
ਵਕਤ ਸੀ ਕਾਲਾ,
ਕਿੰਨਾਂ ਮੁਸ਼ਕਿਲ ਸੀ ਕੋਇਲਾਂ ਦਾ, ਓਦੋਂ ਗੀਤ ਸੁਨਾਣਾ,
ਕੂਕ ਬੁਲਾਣਾ।

'ਦਾਦਰ' ਕਿੰਨਾਂ ਬੇਸਮਝਾ ਹੈ, ਉਸ ਤੋਂ ਮਰਹਮ ਮੰਗੇ,
ਮੂਲ ਨਾ ਸੰਗੇ,
ਜਿਸ ਦਾ ਕੰਮ ਹੈ ਜ਼ਖ਼ਮਾਂ ਉੱਤੇ, ਨਮਕ ਹਮੇਸ਼ਾ ਪਾਣਾ,
ਦਰਦ ਵਧਾਣਾ।

•

## ਬਹੱਤਰ

## ਮਤਲਿਆਂ ਵਾਲੀ ਗ਼ਜ਼ਲ

ਆਖ਼ਿਰੀ ਦਮ ਤੀਕ ਪਹਿਲਾਂ ਵਾਹ ਲਗਾ ਲੈਂਦੇ ਨੇ ਲੋਕ।
ਰਬ ਦੀ ਕੀਤੀ ਅੱਗੇ ਆਖ਼ਿਰ ਸਿਰ ਝੁਕਾ ਲੈਂਦੇ ਨੇ ਲੋਕ।

ਸਚ ਹੈ, ਅਕਸਰ ਬਾਹਰ ਜਾ ਕੇ, ਘਰ ਬਣਾ ਲੈਂਦੇ ਨੇ ਲੋਕ।
ਪਰ ਕਦੀ ਅਪਣੇ ਬਣੇ ਵੀ ਘਰ ਗੁਆ ਲੈਂਦੇ ਨੇ ਲੋਕ।

ਓਪਰਿਆਂ ਦੇ ਨਾਲ ਕਿੱਦਾਂ ਦਿਨ ਬਿਤਾ ਲੈਂਦੇ ਨੇ ਲੋਕ?
ਮਾਂ-ਪਿਓ ਜਾਏ ਛੱਡ ਕੇ ਜੋ ਪੱਗ ਵਟਾ ਲੈਂਦੇ ਨੇ ਲੋਕ।

ਸਾਰਿਆਂ ਦੇ ਨਾਲ ਹੁਣ ਰਿਸ਼ਤੇ ਨਿਭਾ ਲੈਂਦੇ ਨੇ ਲੋਕ।
ਘਰ 'ਚ ਬੈਠੇ ਫ਼ੋਨ ਦਾ ਨੰਬਰ ਘੁਮਾ ਲੈਂਦੇ ਨੇ ਲੋਕ।

ਗ਼ਰਜ਼ ਵੇਲੇ ਸੈਂਕੜੇ ਰਿਸ਼ਤੇ ਬਣਾ ਲੈਂਦੇ ਨੇ ਲੋਕ।
ਵਕਤ ਮਾੜਾ ਆਉਣ 'ਤੇ ਖਹਿੜਾ ਛੁਡਾ ਲੈਂਦੇ ਨੇ ਲੋਕ।

ਘਰ ਕਿਸੇ ਦਾ ਸਾੜ ਕੇ ਭਾਂਬੜ ਮਚਾ ਲੈਂਦੇ ਨੇ ਲੋਕ।
ਆਪਣੇ ਘਰ ਵਿਚ ਦੀਵਾਲੀ ਨਿੱਤ ਮਨਾ ਲੈਂਦੇ ਨੇ ਲੋਕ।

ਪੈਸੇ ਦੇ ਕੇ ਅਫ਼ਸਰਾਂ ਤੋਂ ਕੰਮ ਕਢਾ ਲੈਂਦੇ ਨੇ ਲੋਕ।
ਆਪ ਹੀ ਹਾਲਾਤ ਨੂੰ ਬਦਤਰ ਬਣਾ ਲੈਂਦੇ ਨੇ ਲੋਕ।

ਕਾਫ਼ਿਲੇ ਨੂੰ ਛੱਡ ਕੇ ਜਦ ਝੁੰਡ ਬਣਾ ਲੈਂਦੇ ਨੇ ਲੋਕ।
ਮੰਜ਼ਿਲਾਂ ਤੋਂ ਦੂਰ ਹੀ ਹਿੰਮਤ ਗੁਆ ਲੈਂਦੇ ਨੇ ਲੋਕ।

ਪਹਿਲਾਂ 'ਦਾਦਰ' ਗੀਤ ਗ਼ਜ਼ਲਾਂ ਸੁਣ-ਸੁਣਾ ਲੈਂਦੇ ਨੇ ਲੋਕ।
ਫੇਰ ਮੇਰੇ ਸ਼ੌਕ ਦਾ ਹਾਸਾ ਉਡਾ ਲੈਂਦੇ ਨੇ ਲੋਕ।

•



## ਤਿਹੱਤਰ

## ਮਤਲਿਆਂ ਵਾਲੀ ਗ਼ਜ਼ਲ

ਕਿਸੇ ਧਿਰ ਦੀ ਵੀ ਉਹ ਭਾਵੇਂ, ਚੁਣੀ ਸਰਕਾਰ ਹੁੰਦੀ ਏ।
ਮਸੂਮਾਂ ਦੇ ਸਿਰਾਂ ਉੱਤੇ, ਸਦਾ ਤਲਵਾਰ ਹੁੰਦੀ ਏ।

ਮੈਂ ਮੰਨਦਾ ਹਾਂ ਕਿ ਯਾਰੋ, ਜ਼ਿੰਦਗੀ ਦਿਨ ਚਾਰ ਹੁੰਦੀ ਏ।
ਮਗਰ ਖ਼ੁਸ਼ੀਆਂ ਵਿਹੂਣੀ ਤਾਂ ਘੜੀ ਵੀ ਭਾਰ ਹੁੰਦੀ ਏ।

ਸਦਾ ਕਿਸ਼ਤੀ ਮੁਹੱਬਤ ਦੀ ਫਸੀ ਮੰਝਧਾਰ ਹੁੰਦੀ ਏ।
ਕਦੀ ਨਾ ਆਰ ਹੁੰਦੀ ਏ ਤੇ ਨਾ ਹੀ ਪਾਰ ਹੁੰਦੀ ਏ।

ਲਹੂ ਦੇ ਰੰਗ ਵਿਚ ਰੰਗੀ ਜਦੋਂ ਅਖ਼ਬਾਰ ਹੁੰਦੀ ਏ।
ਖਰੀਦਣ ਵਾਲਿਆਂ ਦੀ ਵੀ ਉਦੋਂ ਭਰਮਾਰ ਹੁੰਦੀ ਏ।

ਸ਼ਿੰਗਾਰੋ ਜ਼ਿੰਦਗੀ ਨੂੰ ਜਿੰਨੀ ਵੀ ਸ਼ਿੰਗਾਰ ਹੁੰਦੀ ਏ।
ਕਿਸੇ ਨੂੰ ਇਹ ਕਦੀ ਪਰਦਾਨ ਨਾ ਦੋ-ਵਾਰ ਹੁੰਦੀ ਏ।

ਇਹ ਕਹਿੰਦਾ ਕੌਣ ਹੈ ਕਿ ਗੁਫ਼ਤਗੂ ਬੇਕਾਰ ਹੁੰਦੀ ਏ।
ਮੁਹੱਬਤ ਵੀ ਤਾਂ ਹੁੰਦੀ ਏ, ਅਗਰ ਤਕਰਾਰ ਹੁੰਦੀ ਏ।

ਗ਼ਲਤ ਹੈ ਕਿ ਹਯਾਤੀ ਸਿਰਫ਼ ਕੋਠੀ-ਕਾਰ ਹੁੰਦੀ ਏ।
ਅਸਲ ਵਿਚ ਜ਼ਿੰਦਗੀ ਮਿਹਨਤ, ਮੁਸ਼ੱਕਤ, ਪਿਆਰ ਹੁੰਦੀ ਏ।

ਕਦੀ ਇਹ ਜ਼ਿੰਦਗੀ ਖ਼ੁਸ਼ੀਆਂ ਦੀ ਇਕ ਗੁਲਜ਼ਾਰ ਹੁੰਦੀ ਏ।
ਕਦੀ ਪੀੜਾਂ ਤੇ ਅਸ਼ਕਾਂ ਨਾਲ ਇਹ ਪੁਰਖ਼ਾਰ ਹੁੰਦੀ ਏ।

ਖ਼ੁਦਾ ਦੀ ਮਿਹਰ ਜਿਸ 'ਤੇ 'ਦਾਦਰਾ' ਆਪਾਰ ਹੁੰਦੀ ਏ।
ਉਨ੍ਹਾਂ ਦੇ ਨਾਲ ਇਹ ਦੁਨੀਆਂ ਕਿਉਂ ਖਾਂਦੀ ਖ਼ਾਰ ਹੁੰਦੀ ਏ।

•

## ਚੁਹੱਤਰ

## ਤਰਹ-ਮਿਸਰੇ ਵਾਲੀ ਗ਼ਜ਼ਲ

ਗ਼ਮ ਦਾ ਅਪਣੇ ਨਾਲ ਸਮਾਨ ਉਠਾਈ ਫਿਰਦਾ ਹਾਂ।
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਪਿਆਰ ਦੀ ਇੱਕ ਨਿਸ਼ਾਨੀ ਅਜੇ ਬਚਾਈ ਫਿਰਦਾ ਹਾਂ।
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਦਿਲ ਦੇ ਗ਼ਮਲੇ ਵਿਚ ਇਹ ਥੋਹਰ ਲਗਾਈ ਫਿਰਦਾ ਹਾਂ।
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਕਾਗਜ਼ ਦੇ ਟੁਕੜੇ ਸੰਗ ਦਿਲ ਬਹਿਲਾਈ ਫਿਰਦਾ ਹਾਂ।
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਤੇਰੇ ਹਿਜਰ 'ਚ ਲਿਖੀਆਂ ਹੋਈਆਂ ਗ਼ਜ਼ਲਾਂ ਨੇ ਜਾਂ ਫਿਰ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਤੈਨੂੰ ਮੇਰੀ ਸ਼ਕਲ ਤੇ ਨਾਂ ਵੀ ਭੁਲ ਗਿਆ ਹੋਣੈ, ਪਰ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਤੇਰੀਆਂ ਬੇਪਰਵਾਹੀਆਂ ਦਾ ਤੜਪਾਇਆ ਹੋਇਆ ਵੀ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਜੰਗਲ ਵਿਚ ਵੀ ਕੱਲ੍ਹੇਪਨ ਤੋਂ ਡਰ ਨਈਂ ਲੱਗਦਾ ਹੁਣ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

ਸੂਰਤ ਅੱਖੀਆਂ ਵਿਚ ਹੈ, ਤੇਰੀਆਂ ਯਾਦਾਂ ਨੇ ਦਿਲ ਵਿਚ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

'ਦਾਦਰ' ਤੇਰੇ ਵਾਂਗੂੰ ਹੀ ਖੋਹ ਬੈਠਾਂ ਨਾ ਇਸ ਨੂੰ,
ਫ਼ੋਟੋ ਤੇਰੀ ਬਟੂਏ ਵਿਚ ਮੈਂ ਪਾਈ ਫਿਰਦਾ ਹਾਂ।

•



## ਪੰਝਤਰ

## ਤਰਹ-ਮਿਸਰੇ ਵਾਲੀ ਗ਼ਜ਼ਲ

ਰੁੱਸਿਆ ਪਿਆ ਜੇ ਮੇਰਾ ਯਾਰ ਮੇਰੇ ਨਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਲੁੱਟ-ਖੋਹ ਧਮਾਕੇ ਕਿਤੇ ਸੋਕਾ ਹੈ, ਭੁਚਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਪਿਛਲੇ ਹੀ ਸਾਲ ਜਿਹੀ ਇਹਦੀ ਚਾਲ-ਢਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਮਹਿੰਗਾਈ ਕੀਤਾ ਹੋਇਆ ਸਭ ਨੂੰ ਕੰਗਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਸੁਰ ਵਿਚ ਸੁਰ ਤੇ ਨਾ ਤਾਲ ਵਿਚ ਤਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਮੇਰਾ ਤਾਂ ਇਹ ਖ਼ਿਆਲ ਹੈ, ਤੁਹਾਡਾ ਕੀ ਖ਼ਿਆਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਦਾਲ ਵਿਚ ਕਾਲਾ ਨਹੀਂ, ਕਾਲੀ ਸਾਰੀ ਦਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

ਹਾਲੀ ਫ਼ਿਲਹਾਲ ਦਾਲ-ਰੋਟੀ ਦਾ ਸਵਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

'ਦਾਦਰ' ਦੀ ਜੇਬ ਖਾਲੀ, ਠੁਨ-ਠੁਨ ਗੋਪਾਲ ਹੈ।
ਕਾਹਦੀਆਂ ਮੁਬਾਰਕਾਂ ਤੇ ਕਾਹਦਾ ਨਵਾਂ ਸਾਲ ਹੈ।

•

## ਛਿਅੱਤਰ

### ਮੁਹਾਵਰੇਦਾਰ ਦੂਹਰਾ-ਕਾਫ਼ੀਆ

ਤੈਨੂੰ ਕੀ ਦੱਸ ਮਿਲਦੈ, ਮੈਨੂੰ ਸਤਾ-ਸਤਾ ਕੇ।
ਕੋਲੋਂ ਦੀ ਲੰਘ ਜਾਨੈਂ, ਮੁਖੜਾ ਛੁਪਾ-ਛੁਪਾ ਕੇ।

ਉਸ ਦੇ ਵੀ ਘਰ 'ਚੋਂ ਅਜ-ਕਲ੍ਹ, ਲਾਟਾਂ ਨਿਕਲਦੀਆਂ ਹਨ,
ਘਰ ਦੂਜਿਆਂ ਦੇ ਵੇਖੇ, ਜਿਸ ਨੇ ਮਚਾ-ਮਚਾ ਕੇ।

ਵਧਣਾ ਤੇ ਫੁੱਲਣਾ ਹੈ, ਇਹਨਾਂ ਜ਼ਮੀਨ ਅੰਦਰ,
ਤੂੰ ਗਮਲਿਆਂ 'ਚ ਪਿੱਪਲ, ਨਾ ਲਾ ਸਜ਼ਾ-ਸਜ਼ਾ ਕੇ।

ਭੁੱਖੇ ਨੂੰ ਭਿੱਖਿਆ ਦੇ ਕੇ, ਨਾ ਕਰ ਭਿਖਾਰੀ ਪੈਦਾ,
ਭੁੱਖੇ ਨੂੰ ਕੰਮ ਦੇ ਕੇ, ਤੋਰੀਂ ਰਜਾ-ਰਜਾ ਕੇ।

ਤੇਰੀ ਹੋਂਦ ਨੂੰ ਐ ਜ਼ਾਲਿਮ, ਬਣਿਆਂ ਰਹੇਗਾ ਖ਼ਤਰਾ,
ਹਕ ਦੂਸਰੇ ਦੇ ਰੱਖੇ, ਜੇ ਤੂੰ ਦਬਾ-ਦਬਾ ਕੇ।

ਢੋਏ ਉਨ੍ਹਾਂ ਨੇ ਬੂਹੇ, ਮੁਸ਼ਕਿਲ 'ਚ ਵੇਖ ਮੈਨੂੰ,
ਮੇਰੇ ਘਰ ਤੋਂ ਜਾਂਦੇ ਸੀ ਜੋ ਹਫ਼ਤੇ ਬਿਤਾ-ਬਿਤਾ ਕੇ।

ਕੱਚ ਦੇ ਸਮਾਨ ਵਾਂਗੂੰ, ਟੁਟਣਾ ਹੈ ਇਸ ਨੇ ਇਕ ਦਿਨ,
ਜੀਵਨ ਖਿਡਾਉਣੇ ਨੂੰ ਲੱਖ ਰੱਖੀਏ ਬਚਾ-ਬਚਾ ਕੇ।

ਸਤ ਕੇ ਤੇਰੇ ਤੋਂ ਦਿਲਬਰ, ਹੰਝੂ ਗਿਆ ਵਹਾਉਂਦਾ,
ਹੁਣ ਨਾ ਤੂੰ ਦੱਸ ਮੈਨੂੰ, ਹੰਝੂ ਵਹਾ-ਵਹਾ ਕੇ।

'ਦਾਦਰ' ਇਹ ਜ਼ਖ਼ਮ ਦਿਲ ਦਾ, ਕੈਂਸਰ ਬਣਾ ਨਾ ਬੈਠੀਂ,
ਰੱਖੀਂ ਨਾ ਪੀੜ ਦਿਲ ਦੀ, ਦਿਲ ਵਿਚ ਦਬਾ-ਦਬਾ ਕੇ।

•



## ਸਤੱਤਰ

### ਛੇ-ਕਾਫ਼ੀਆ-ਗ਼ਜ਼ਲ

ਦਿਲ ਤੜਪਾਵੇ, ਖ਼ੂਨ ਸੁਕਾਵੇ, ਹੋਸ਼ ਭੁਲਾਵੇ ਯਾਦ ਤੇਰੀ।
ਬਹੁਤ ਸਤਾਵੇ, ਵੱਢ-ਵੱਢ ਖਾਵੇ, ਕਹਿਰ ਕਮਾਵੇ ਯਾਦ ਤੇਰੀ।

ਜੇ ਨਈ੍ਹੀਂ ਆਉਣਾ, ਖ਼ਤ ਨਈ੍ਹੀਂ ਪਾਉਣਾ, ਤੈਂ ਤੜਪਾਉਣਾ ਇਸੇ ਤਰ੍ਹਾਂ,
ਫਿਰ ਕਿਉਂ ਆਵੇ, ਭਰੇ ਕਲਾਵੇ, ਪਿਆਰ ਜਤਾਵੇ ਯਾਦ ਤੇਰੀ?

ਦਿਲਬਰ ਪਿਆਰੇ, ਸਾਥ ਗੁਜ਼ਾਰੇ, ਉਹ ਪਲ਼ ਸਾਰੇ ਭੁੱਲਦੇ ਨਈ੍ਹੀਂ,
ਕਸਮਾਂ ਦਾਵ੍ਹੇ, ਪਿਆਰ ਛਲਾਵੇ, ਯਾਦ ਕਰਾਵੇ ਯਾਦ ਤੇਰੀ।

ਮੈਂ ਤਾਂ ਚਾਹਵਾਂ, ਭੁੱਲ ਹੀ ਜਾਵਾਂ, ਸਭ ਘਟਨਾਵਾਂ, ਪਰ ਸਜਣਾ,
ਤੀਰ ਚਲਾਵੇ, ਪੱਛ ਲਗਾਵੇ, ਮਿਰਚਾਂ ਪਾਵੇ ਯਾਦ ਤੇਰੀ।

ਰਿੰਦ ਵਿਚਾਰਾ, ਕਰਮਾਂ-ਮਾਰਾ, ਐ ਦਿਲਦਾਰਾ, ਕਿੰਜ ਕਰੇ,
ਨਿੱਤ ਸਤਾਵੇ, ਕਦੇ ਛੁਡਾਵੇ, ਕਦੇ ਪਿਲਾਵੇ ਯਾਦ ਤੇਰੀ।

ਜਿਗਰਾ ਕਰਕੇ, ਪੱਥਰ ਧਰਕੇ, ਸਜਣਾ ਮਰ ਕੇ ਦਿਲ ਮੇਰਾ,
ਗਲੇ ਲਗਾਵੇ, ਲਾਡ ਲਡਾਵੇ, ਨਿੱਤ ਹੰਢਾਵੇ ਯਾਦ ਤੇਰੀ।

"ਪਿਆਰ ਨਾ ਕਰਿਓ, ਦਿਲ ਨਾ ਹਰਿਓ, ਕਦੇ ਨਾ ਮਰਿਓ ਇਸ ਮੌਤੇ",
ਦਿਲ ਕੁਰਲਾਵੇ, ਇਹ ਸਮਝਾਵੇ, ਜਦੋਂ ਰੁਆਵੇ ਯਾਦ ਤੇਰੀ।

ਸਭ ਹਮਸਾਏ, ਮਾਂ-ਪਿਓ ਜਾਏ, ਬਣੇ ਪਰਾਏ ਪਰ ਸਜਣਾ,
ਬਿਨਾਂ ਬੁਲਾਵੇ, ਇਹ ਆ ਜਾਵੇ, ਸਾਥ ਨਿਭਾਵੇ ਯਾਦ ਤੇਰੀ।

ਦੁਨੀਆਂ ਹੱਸੇ, ਤਾਅਨੇ ਕੱਸੇ, ਕੋਈ ਨਾ ਦੱਸੇ 'ਦਾਦਰ' ਨੂੰ,
ਉਹ ਕੁਰਲਾਵੇ, ਕਿੱਧਰ ਜਾਵੇ, ਕਿਵੇਂ ਭੁਲਾਵੇ ਯਾਦ ਤੇਰੀ?

•

## ਅੱਠਤਰ-ਉਨਾਸੀ

### ਦੋ ਜੌੜੀਆਂ ਗ਼ਜ਼ਲਾਂ

ਤੇਰੀ ਯਾਦ ਦਿਲ ’ਚੋਂ ਭੁਲਾਵਾਂ ਮੈਂ ਕਿੱਦਾਂ?
ਫਿਰ ਅਪਣਾ ਕਿਸੇ ਨੂੰ ਬਣਾਵਾਂ ਮੈਂ ਕਿੱਦਾਂ?

ਕੋਈ ਨਗ਼ਮਾ ਉਲਫ਼ਤ ਦਾ ਗਾਵਾਂ ਮੈਂ ਕਿੱਦਾਂ?
ਬਿਨਾਂ ਤੇਰੇ ਮਹਿਫ਼ਿਲ ਸਜਾਵਾਂ ਮੈਂ ਕਿੱਦਾਂ?

ਵਧਾ ਕੇ ਪਿਛਾਂਹ ਪੈਰ ਪਾਵਾਂ ਮੈਂ ਕਿੱਦਾਂ?
ਉਹ ਕਸਮਾਂ, ਉਹ ਵਾਅਦੇ ਭੁਲਾਵਾਂ ਮੈਂ ਕਿੱਦਾਂ?

ਮਿਲੇ ਜ਼ਖ਼ਮ ਦਿਲ ਨੂੰ ਵਿਖਾਵਾਂ ਮੈਂ ਕਿੱਦਾਂ?
ਇਹ ਅੰਬਰ ਦੇ ਤਾਰੇ ਗਿਣਾਵਾਂ ਮੈਂ ਕਿੱਦਾਂ?

ਤੂੰ ਕਹਿੰਦਾ ਏਂ, ਪਰ ਮੁਸਕਰਾਵਾਂ ਮੈਂ ਕਿੱਦਾਂ?
ਤੜਪਦਾ ਪਿਆ ਦਿਲ ਛੁਪਾਵਾਂ ਮੈਂ ਕਿੱਦਾਂ?

ਤੇਰੇ ਖ਼ਤ ਉਹ ਸਾਰੇ ਜਲਾਵਾਂ ਮੈਂ ਕਿੱਦਾਂ?
ਤੇਰੇ ਵਾਂਗ ਪੱਥਰ ਹੋ ਜਾਵਾਂ ਮੈਂ ਕਿੱਦਾਂ?

ਜ਼ਮਾਨੇ ’ਤੇ ਉਂਗਲ ਉਠਾਵਾਂ ਮੈਂ ਕਿੱਦਾਂ?
ਤੇਰੀ ਬੇਵਫ਼ਾਈ ਜਤਾਵਾਂ ਮੈਂ ਕਿੱਦਾਂ?

ਉਮੀਦਾਂ ਦੇ ਸੰਗ ਦਿਨ ਲੰਘਾਵਾਂ ਮੈਂ ਕਿੱਦਾਂ?
ਤੇਰੇ ਰਾਹ ’ਚ ਉਮਰਾ ਬਿਤਾਵਾਂ ਮੈਂ ਕਿੱਦਾਂ?

ਕਿਆਮਤ ਨੂੰ ‘ਦਾਦਰ’ ਹਰਾਵਾਂ ਮੈਂ ਕਿੱਦਾਂ?
ਬਿਨਾਂ ਤੇਰੇ ਰਾਜ਼ੀ ਹੋ ਜਾਵਾਂ ਮੈਂ ਕਿੱਦਾਂ?

●

ਤੇਰੀ ਯਾਦ ਦਿਲ ’ਚੋਂ ਭੁਲਾਈ ਨੲ੍ਹੀਂ ਜਾਂਦੀ।
ਕਿਸੇ ਨਾਲ ਅੱਖ ਵੀ ਮਿਲਾਈ ਨੲ੍ਹੀਂ ਜਾਂਦੀ।

ਕੋਈ ਤਾਰ ਦਿਲ ਦੀ ਹਿਲਾਈ ਨੲ੍ਹੀਂ ਜਾਂਦੀ।
ਬੁਝੇ ਦਿਲ ’ਚ ਬੱਤੀ ਜਗਾਈ ਨੲ੍ਹੀਂ ਜਾਂਦੀ।

ਮੁਹੱਬਤ ਨੂੰ ਹੁਣ ਲਾਜ ਲਾਈ ਨੲ੍ਹੀਂ ਜਾਂਦੀ।
ਕਰੀ ਮੇਰੇ ਤੋਂ ਬੇਵਫ਼ਾਈ ਨੲ੍ਹੀਂ ਜਾਂਦੀ।

ਤੇਰੇ ਸਿਤਮ ਦੀ ਥਾਹ ਲਗਾਈ ਨੲ੍ਹੀਂ ਜਾਂਦੀ।
ਸਮੁੰਦਰ ਦੀ ਗਹਿਰਾਈ ਪਾਈ ਨੲ੍ਹੀਂ ਜਾਂਦੀ।

ਕਿ ਮੁਸਕਾਨ ਬੁੱਲ੍ਹੀਂ ਲਿਆਈ ਨੲ੍ਹੀਂ ਜਾਂਦੀ।
ਉਮੀਦਾਂ ਦੀ ਅਰਥੀ ਉਠਾਈ ਨੲ੍ਹੀਂ ਜਾਂਦੀ।

ਛੁਰੀ ਅਪਣੇ ਦਿਲ ’ਤੇ ਚਲਾਈ ਨੲ੍ਹੀਂ ਜਾਂਦੀ।
ਤੇਰੇ ਦਿਲ ’ਤੇ ਸੱਟ ਕੋਈ ਲਾਈ ਨੲ੍ਹੀਂ ਜਾਂਦੀ।

ਲਗੀ ਦਿਲ ਦੀ ਏਦਾਂ ਬੁਝਾਈ ਨੲ੍ਹੀਂ ਜਾਂਦੀ।
ਕਿ ਦਿਲਬਰ ਦੀ ਦੁਨੀਆਂ ਜਲਾਈ ਨੲ੍ਹੀਂ ਜਾਂਦੀ।

ਖ਼ੁਆਬਾਂ ’ਚ ਜ਼ਿੰਦਗੀ ਬਿਤਾਈ ਨੲ੍ਹੀਂ ਜਾਂਦੀ।
ਬਿਨਾਂ ਦਿਲ ਦੇ ਦੁਨੀਆਂ ਵਸਾਈ ਨੲ੍ਹੀਂ ਜਾਂਦੀ।

ਬਚਣ ਦੀ ਕੋਈ ਆਸ ਲਾਈ ਨੲ੍ਹੀਂ ਜਾਂਦੀ।
ਅਸਰ ਕੁਝ ਵੀ ਕਰਕੇ ਦਵਾਈ ਨੲ੍ਹੀਂ ਜਾਂਦੀ।

●



### ਸਹਿ-ਗ਼ਜ਼ਲਾ

ਤੇਰੀ ਯਾਦ ਦਿਲ ’ਚੋਂ ਭੁਲਾਵਾਂ ਮੈਂ ਕਿੱਦਾਂ,ਤੇਰੀ ਯਾਦ ਦਿਲ ’ਚੋਂ ਭੁਲਾਈ ਨੲ੍ਹੀਂ ਜਾਂਦੀ।
ਫਿਰ ਅਪਣਾ ਕਿਸੇ ਨੂੰ ਬਣਾਵਾਂ ਮੈਂ ਕਿੱਦਾਂ, ਕਿਸੇ ਨਾਲ ਅੱਖ ਵੀ ਮਿਲਾਈ ਨੲ੍ਹੀਂ ਜਾਂਦੀ।

ਕੋਈ ਨਗ਼ਮਾ ਉਲਫ਼ਤ ਦਾ ਗਾਵਾਂ ਮੈਂ ਕਿੱਦਾਂ, ਕੋਈ ਤਾਰ ਦਿਲ ਦੀ ਹਿਲਾਈ ਨੲ੍ਹੀਂ ਜਾਂਦੀ।
ਬਿਨਾਂ ਤੇਰੇ ਮਹਿਫ਼ਿਲ ਸਜਾਵਾਂ ਮੈਂ ਕਿੱਦਾਂ, ਬੁਝੇ ਦਿਲ ’ਚ ਬੱਤੀ ਜਗਾਈ ਨੲ੍ਹੀਂ ਜਾਂਦੀ।

ਵਧਾ ਕੇ ਪਿਛਾਂਹ ਪੈਰ ਪਾਵਾਂ ਮੈਂ ਕਿੱਦਾਂ, ਮੁਹੱਬਤ ਨੂੰ ਹੁਣ ਲਾਜ ਲਾਈ ਨੲ੍ਹੀਂ ਜਾਂਦੀ।
ਉਹ ਕਸਮਾਂ, ਉਹ ਵਾਅਦੇ ਭੁਲਾਵਾਂ ਮੈਂ ਕਿੱਦਾਂ, ਕਰੀ ਮੇਰੇ ਤੋਂ ਬੇਵਫ਼ਾਈ ਨੲ੍ਹੀਂ ਜਾਂਦੀ।

ਮਿਲੇ ਜ਼ਖ਼ਮ ਦਿਲ ਨੂੰ ਵਿਖਾਵਾਂ ਮੈਂ ਕਿੱਦਾਂ, ਤੇਰੇ ਸਿਤਮ ਦੀ ਥਾਹ ਲਗਾਈ ਨੲ੍ਹੀਂ ਜਾਂਦੀ।
ਇਹ ਅੰਬਰ ਦੇ ਤਾਰੇ ਗਿਣਾਵਾਂ ਮੈਂ ਕਿੱਦਾਂ, ਸਮੁੰਦਰ ਦੀ ਗਹਿਰਾਈ ਪਾਈ ਨੲ੍ਹੀਂ ਜਾਂਦੀ।

ਤੂੰ ਕਹਿੰਦਾ ਏਂ, ਪਰ ਮੁਸਕਰਾਵਾਂ ਮੈਂ ਕਿੱਦਾਂ, ਕਿ ਮੁਸਕਾਨ ਬੁੱਲ੍ਹੀਂ ਲਿਆਈ ਨੲ੍ਹੀਂ ਜਾਂਦੀ।
ਤੜਪਦਾ ਪਿਆ ਦਿਲ ਛੁਪਾਵਾਂ ਮੈਂ ਕਿੱਦਾਂ, ਉਮੀਦਾਂ ਦੀ ਅਰਥੀ ਉਠਾਈ ਨੲ੍ਹੀਂ ਜਾਂਦੀ।

ਤੇਰੇ ਖ਼ਤ ਉਹ ਸਾਰੇ ਜਲਾਵਾਂ ਮੈਂ ਕਿੱਦਾਂ, ਛੁਰੀ ਅਪਣੇ ਦਿਲ ’ਤੇ ਚਲਾਈ ਨੲ੍ਹੀਂ ਜਾਂਦੀ।
ਤੇਰੇ ਵਾਂਗ ਪੱਥਰ ਹੋ ਜਾਵਾਂ ਮੈਂ ਕਿੱਦਾਂ, ਤੇਰੇ ਦਿਲ ’ਤੇ ਸੱਟ ਕੋਈ ਲਾਈ ਨੲ੍ਹੀਂ ਜਾਂਦੀ।

ਜ਼ਮਾਨੇ ’ਤੇ ਉਂਗਲ ਉਠਾਵਾਂ ਮੈਂ ਕਿੱਦਾਂ, ਲਗੀ ਦਿਲ ਦੀ ਏਦਾਂ ਬੁਝਾਈ ਨੲ੍ਹੀਂ ਜਾਂਦੀ।
ਤੇਰੀ ਬੇਵਫ਼ਾਈ ਜਤਾਵਾਂ ਮੈਂ ਕਿੱਦਾਂ, ਕਿ ਦਿਲਬਰ ਦੀ ਦੁਨੀਆਂ ਜਲਾਈ ਨੲ੍ਹੀਂ ਜਾਂਦੀ।

ਉਮੀਦਾਂ ਦੇ ਸੰਗ ਦਿਨ ਲੰਘਾਵਾਂ ਮੈਂ ਕਿੱਦਾਂ, ਖ਼ੁਆਬਾਂ ’ਚ ਜ਼ਿੰਦਗੀ ਬਿਤਾਈ ਨੲ੍ਹੀਂ ਜਾਂਦੀ।
ਤੇਰੇ ਰਾਹ ’ਚ ਉਮਰਾ ਬਿਤਾਵਾਂ ਮੈਂ ਕਿੱਦਾਂ, ਬਿਨਾਂ ਦਿਲ ਦੇ ਦੁਨੀਆਂ ਵਸਾਈ ਨੲ੍ਹੀਂ ਜਾਂਦੀ।

ਕਿਆਮਤ ਨੂੰ ‘ਦਾਦਰ’ ਹਰਾਵਾਂ ਮੈਂ ਕਿੱਦਾਂ, ਬਚਣ ਦੀ ਕੋਈ ਆਸ ਲਾਈ ਨੲ੍ਹੀਂ ਜਾਂਦੀ।
ਬਿਨਾਂ ਤੇਰੇ ਰਾਜ਼ੀ ਹੋ ਜਾਵਾਂ ਮੈਂ ਕਿੱਦਾਂ, ਅਸਰ ਕੁਝ ਵੀ ਕਰਕੇ ਦਵਾਈ ਨੲ੍ਹੀਂ ਜਾਂਦੀ।

●

## ਅੱਸੀ-ਇਕਿਆਸੀ

### ਦੋ ਜੋੜੀਆਂ ਗ਼ਜ਼ਲਾਂ

ਹਾਲ ਸੁਣਦਾ ਨਾ ਉਹ, ਹਾਲ ਬੇਹਾਲ ਹੈ।
ਜ਼ਿੰਦਗੀ ਵਿਚ ਨਾ ਸਰਗਮ, ਨਾ ਸੁਰਤਾਲ ਹੈ।

ਹੁਣ ਸਫ਼ਰ ’ਤੇ ਮੈਂ ਯਾਰੋ, ਇਕੱਲਾ ਨਹੀਂ,
ਜ਼ਿੰਦਗੀ ਦਾ ਤਜਰਬਾ ਮੇਰੇ ਨਾਲ ਹੈ।

ਤੁਹਮਤਾਂ ਕੁਲ ਜ਼ਮਾਨੇ ਦੀਆਂ ਕੋਲ ਨੇ,
ਕੌਣ ਕਹਿੰਦਾ ਹੈ, ਦਿਲ ਮੇਰਾ ਕੰਗਾਲ ਹੈ।

ਮੁਸ਼ਕਿਲਾਂ ਨੇ ਰੁਆਉਣਾ ਹੈ ਕੀ ਮੇਰਾ ਦਿਲ,
ਮੇਰਾ ਦਿਲ ਬਹਿਲਦਾ ਹੀ ਇਨ੍ਹਾਂ ਨਾਲ ਹੈ।

ਦੇਰ ਪਿੱਛੋਂ ਉਦ੍ਹੀ ਅੱਜ ਚਿੱਠੀ ਮਿਲੀ,
ਅੱਖ ਰੋ ਰੋ ਕੇ ਮੇਰੀ ਹੋਈ ਲਾਲ ਹੈ।

ਮੋਹ-ਮੁਹੱਬਤ ਦੀ ਉਸ ਤੋਂ ਕਰਾਂ ਆਸ ਕੀ,
ਜੇਬ ਅੰਦਰਲਾ ਜੋ ਵੇਖਦਾ ਮਾਲ ਹੈ।

ਕਿਸ ਪੜਾ ’ਤੇ ਲੈ ਆਇਆ ਏਂ ਤੂੰ ਰਹਿਬਰਾ,
ਜੇ ਵਧਾਂ ਅੱਗੇ ਖੂਹ ਹੈ, ਪਿਛਾਂਹ ਖਾਲ ਹੈ।

ਗਲ ’ਚ ਮੈਂ ਇਸ਼ਕ ਦਾ ਫਾਹ ਕਿਵੇਂ ਪਾ ਲਵਾਂ,
ਦਾਲ-ਰੋਟੀ ਦਾ ਮਸਲਾ ਹੀ ਜੰਜਾਲ ਹੈ।

ਡੇਗ ਕੇ ਮੈਂ ਕਿਸੇ ਨੂੰ ਨਾ ਅੱਗੇ ਵਧਾਂ,
ਇਸ ਜ਼ਮਾਨੇ ਤੋਂ ਮੇਰੀ ਜੁਦਾ ਚਾਲ ਹੈ।

ਮੈਂ ਉਦ੍ਹੀ ਜ਼ਿੰਦਗੀ ਵਿਚ ਦਖ਼ਲ ਕਿਉਂ ਦਿਆਂ,
ਜੇ ਉਹ ਮੇਰੇ ਬਿਨਾਂ ਖ਼ੁਸ਼ ਹੈ, ਖ਼ੁਸ਼ਹਾਲ ਹੈ।

ਗ਼ੈਰ ਨੂੰ ਹਾਲ ਦਿਲ ਦਾ ਸੁਣਾਵਾਂ ਕਿਵੇਂ?
ਤਾਰ ਟੁੱਟੇ ਨੇ ਦਿਲ ਦੇ, ਮੈਂ ਗਾਵਾਂ ਕਿਵੇਂ?

ਰਾਹ ਦੀਆਂ ਮੁਸ਼ਕਿਲਾਂ ਹਮ-ਸਫ਼ਰ ਮੇਰੀਆਂ,
ਮੈਂ ਦੌਰਾਨੇ-ਸਫ਼ਰ ਡੋਲ ਜਾਵਾਂ ਕਿਵੇਂ?

ਇਸ਼ਕ ਨੇ ਦਰਦ ਦਿੱਤਾ ਹੈ ਬੇ-ਇੰਤਹਾ,
ਦਰਦੇ-ਦਿਲ ਦੇ ਖ਼ਜ਼ਾਨੇ ਦਿਖਾਵਾਂ ਕਿਵੇਂ?

ਸੰਗ ਇਨ੍ਹਾਂ ਦੇ, ਮੇਰੀ ਜ਼ਿੰਦਗੀ ਬੀਤ ਗਈ,
ਮੁਸ਼ਕਿਲਾਂ ਕੋਲੋਂ ਮੈਂ ਸਹਿਮ ਜਾਵਾਂ ਕਿਵੇਂ?

ਯਾਦ ਸਜਣਾਂ ਦੀ ਨੇ ਦਿਲ ਸਤਾਇਐ ਬੜਾ,
ਚੈਨ ਆਉਂਦਾ ਨਹੀਂ, ਅੱਖ ਲਾਵਾਂ ਕਿਵੇਂ?

ਗ਼ਰਜ਼ ਪੂਰਨ ਲਈ ਨਾਲ ਤੁਰਿਆ ਹੈ ਜੋ,
ਹਮ-ਸਫ਼ਰ ਉਸ ਨੂੰ ਅਪਣਾ ਬਣਾਵਾਂ ਕਿਵੇਂ?

ਦੂਰ ਤਕ ਵੀ ਨਜ਼ਰ ਵਿਚ ਉਹ ਮੰਜ਼ਿਲ ਨਹੀਂ,
ਆਸ ਦਾ ਦੀਪ ਬੁਝਦਾ ਬਚਾਵਾਂ ਕਿਵੇਂ?

ਸਿਰ ਇਹ ਮਜਬੂਰੀਆਂ ਨਾਲ ਝੁਕਿਆ ਪਿਐ,
ਹਾਰ ਬਾਹਾਂ ਦੇ ਗਲ ਵਿਚ ਪੁਆਵਾਂ ਕਿਵੇਂ?

ਦਿਲ ਕਿਸੇ ਦਾ ਦੁਖਾਉਣਾ ਮੈਂ ਸਿੱਖਿਆ ਨਹੀਂ,
ਇਸ ਜ਼ਮਾਨੇ ਨੂੰ ਮੈਂ ਰਾਸ ਆਵਾਂ ਕਿਵੇਂ?

ਓਸ ਦੀ ਹੀ ਖ਼ੁਸ਼ੀ ਵਿਚ ਹੈ ਮੇਰੀ ਖ਼ੁਸ਼ੀ,
ਰੰਗ ਵਿਚ ਭੰਗ ‘ਦਾਦਰ’ ਮੈਂ ਪਾਵਾਂ ਕਿਵੇਂ?



### ਸਹਿ-ਗ਼ਜ਼ਲਾ

ਹਾਲ ਸੁਣਦਾ ਨਾ ਉਹ, ਹਾਲ ਬੇਹਾਲ ਹੈ, ਗ਼ੈਰ ਨੂੰ ਹਾਲ ਦਿਲ ਦਾ ਸੁਣਾਵਾਂ ਕਿਵੇਂ?
ਜ਼ਿੰਦਗੀ ਵਿਚ ਨਾ ਸਰਗਮ, ਨਾ ਸੁਰਤਾਲ ਹੈ, ਤਾਰ ਟੁੱਟੇ ਨੇ ਦਿਲ ਦੇ, ਮੈਂ ਗਾਵਾਂ ਕਿਵੇਂ?

ਹੁਣ ਸਫ਼ਰ ’ਤੇ ਮੈਂ ਯਾਰੋ, ਇਕੱਲਾ ਨਹੀਂ, ਰਾਹ ਦੀਆਂ ਮੁਸ਼ਕਿਲਾਂ ਹਮ-ਸਫ਼ਰ ਮੇਰੀਆਂ,
ਜ਼ਿੰਦਗੀ ਦਾ ਤਜਰਬਾ ਮੇਰੇ ਨਾਲ ਹੈ, ਮੈਂ ਦੌਰਾਨੇ-ਸਫ਼ਰ ਡੋਲ ਜਾਵਾਂ ਕਿਵੇਂ?

ਤੁਹਮਤਾਂ ਕੁਲ ਜ਼ਮਾਨੇ ਦੀਆਂ ਕੋਲ ਨੇ, ਇਸ਼ਕ ਨੇ ਦਰਦ ਦਿੱਤਾ ਹੈ ਬੇ-ਇੰਤਹਾ,
ਕੌਣ ਕਹਿੰਦਾ ਹੈ, ਦਿਲ ਮੇਰਾ ਕੰਗਾਲ ਹੈ, ਦਰਦੇ-ਦਿਲ ਦੇ ਖ਼ਜ਼ਾਨੇ ਦਿਖਾਵਾਂ ਕਿਵੇਂ?

ਮੁਸ਼ਕਿਲਾਂ ਨੇ ਰੁਆਉਣਾ ਹੈ ਕੀ ਮੇਰਾ ਦਿਲ, ਸੰਗ ਇਨ੍ਹਾਂ ਦੇ, ਮੇਰੀ ਜ਼ਿੰਦਗੀ ਬੀਤ ਗਈ,
ਮੇਰਾ ਦਿਲ ਬਹਿਲਦਾ ਹੀ ਇਨ੍ਹਾਂ ਨਾਲ ਹੈ, ਮੁਸ਼ਕਿਲਾਂ ਕੋਲੋਂ ਮੈਂ ਸਹਿਮ ਜਾਵਾਂ ਕਿਵੇਂ?

ਦੇਰ ਪਿੱਛੋਂ ਉਦ੍ਹੀ ਅੱਜ ਚਿੱਠੀ ਮਿਲੀ, ਯਾਦ ਸਜਣਾਂ ਦੀ ਨੇ ਦਿਲ ਸਤਾਇਐ ਬੜਾ,
ਅੱਖ ਰੋ ਰੋ ਕੇ ਮੇਰੀ ਹੋਈ ਲਾਲ ਹੈ, ਚੈਨ ਆਉਂਦਾ ਨਹੀਂ, ਅੱਖ ਲਾਵਾਂ ਕਿਵੇਂ?

ਮੋਹ-ਮੁਹੱਬਤ ਦੀ ਉਸ ਤੋਂ ਕਰਾਂ ਆਸ ਕੀ, ਗ਼ਰਜ਼ ਪੂਰਨ ਲਈ ਨਾਲ ਤੁਰਿਆ ਹੈ ਜੋ,
ਜੇਬ ਅੰਦਰਲਾ ਜੋ ਵੇਖਦਾ ਮਾਲ ਹੈ, ਹਮ-ਸਫ਼ਰ ਉਸ ਨੂੰ ਅਪਣਾ ਬਣਾਵਾਂ ਕਿਵੇਂ?

ਕਿਸ ਪੜਾ ’ਤੇ ਲੈ ਆਇਆ ਏਂ ਤੂੰ ਰਹਿਬਰਾ, ਦੂਰ ਤਕ ਵੀ ਨਜ਼ਰ ਵਿਚ ਉਹ ਮੰਜ਼ਿਲ ਨਹੀਂ,
ਜੇ ਵਧਾਂ ਅੱਗੇ ਖੂਹ ਹੈ, ਪਿਛਾਂਹ ਖਾਲ ਹੈ, ਆਸ ਦਾ ਦੀਪ ਬੁਝਦਾ ਬਚਾਵਾਂ ਕਿਵੇਂ?

ਗਲ ’ਚ ਮੈਂ ਇਸ਼ਕ ਦਾ ਫਾਹ ਕਿਵੇਂ ਪਾ ਲਵਾਂ, ਸਿਰ ਇਹ ਮਜਬੂਰੀਆਂ ਨਾਲ ਝੁਕਿਆ ਪਿਐ,
ਦਾਲ-ਰੋਟੀ ਦਾ ਮਸਲਾ ਹੀ ਜੰਜਾਲ ਹੈ, ਹਾਰ ਬਾਹਾਂ ਦੇ ਗਲ ਵਿਚ ਪੁਆਵਾਂ ਕਿਵੇਂ?

ਡੇਗ ਕੇ ਮੈਂ ਕਿਸੇ ਨੂੰ ਨਾ ਅੱਗੇ ਵਧਾਂ, ਦਿਲ ਕਿਸੇ ਦਾ ਦੁਖਾਉਣਾ ਮੈਂ ਸਿੱਖਿਆ ਨਹੀਂ,
ਇਸ ਜ਼ਮਾਨੇ ਤੋਂ ਮੇਰੀ ਜੁਦਾ ਚਾਲ ਹੈ, ਇਸ ਜ਼ਮਾਨੇ ਨੂੰ ਮੈਂ ਰਾਸ ਆਵਾਂ ਕਿਵੇਂ?

ਮੈਂ ਉਦ੍ਹੀ ਜ਼ਿੰਦਗੀ ਵਿਚ ਦਖ਼ਲ ਕਿਉਂ ਦਿਆਂ, ਓਸ ਦੀ ਹੀ ਖ਼ੁਸ਼ੀ ਵਿਚ ਹੈ ਮੇਰੀ ਖ਼ੁਸ਼ੀ,
ਜੇ ਉਹ ਮੇਰੇ ਬਿਨਾਂ ਖ਼ੁਸ਼ ਹੈ, ਖ਼ੁਸ਼ਹਾਲ ਹੈ, ਰੰਗ ਵਿਚ ਭੰਗ ‘ਦਾਦਰ’ ਮੈਂ ਪਾਵਾਂ ਕਿਵੇਂ?

## ਬਿਆਸੀ

### ਅੱਵਲ-ਲ਼ਫਜ਼ੀ-ਕਾਫ਼ੀਆ ਗ਼ਜ਼ਲ

ਮੈਨੂੰ ਤਾਂ ਇਹ ਸ਼ਮਸ਼ਾਨ ਜਿਹੀ, ਅਖ਼ਬਾਰ ਦਿਖਾਈ ਦਿੰਦੀ ਹੈ।
ਇਸ ਦੇ ਹਰ ਸਫ਼ੇ ’ਤੇ ਲਾਸ਼ਾਂ ਦੀ, ਭਰਮਾਰ ਦਿਖਾਈ ਦਿੰਦੀ ਹੈ।

ਲੋਕਾਂ ਦੇ ਮਸਲੇ, ਲੋਕਾਂ ਦੇ ਸ਼ਾਸਕ ਤੱਕ ਕਿੱਦਾਂ ਪੁਜਦੇ ਨਹੀਂ,
ਉਸਦੇ ਘਰ ਵਿਚ ਵੀ ਤਾਂ ਏਹੀ, ਅਖ਼ਬਾਰ ਦਿਖਾਈ ਦਿੰਦੀ ਹੈ।

ਕੇਬਲ ਟੀ. ਵੀ. ਦੇ ਚੈਨਲ ਹੀ, ਵੇਖਣ ਤੋਂ ਉਸ ਨੂੰ ਵਿਹਲ ਨਹੀਂ,
ਉਸ ਨੂੰ ਹੁਣ ਕਿੱਥੇ ਰੇਡੀਓ ਜਾਂ, ਅਖ਼ਬਾਰ ਦਿਖਾਈ ਦਿੰਦੀ ਹੈ।

ਉਦ੍ਹੇ ਮਾਰੇ ਪੁੱਤਰ ਦੀ ਫੋਟੋ, ਜਿਸ ਦਿਨ ਤੋਂ ਛਪੀ ਹੈ ਇਸ ਅੰਦਰ,
ਉਹ ਖੋਹ ਕੇ ਪਾੜ ਦਵੇ ਜਦ ਵੀ, ਅਖ਼ਬਾਰ ਦਿਖਾਈ ਦਿੰਦੀ ਹੈ।

ਨਿਤ ਮਾਰ-ਧਾੜ ਦੀਆਂ ਹੀ ਖ਼ਬਰਾਂ, ਪੜ੍ਹ ਪੜ੍ਹ ਕੇ ਪਾਗਲ ਹੋ ਗਏ ਹਾਂ,
ਹੁਣ ਤਾਂ ਸੁੱਤਿਆਂ ਹੋਇਆਂ ਨੂੰ ਵੀ, ਅਖ਼ਬਾਰ ਦਿਖਾਈ ਦਿੰਦੀ ਹੈ।

ਮਜਹਬ ਦੇ ਨਾਂ ’ਤੇ ਜਦ ਕਿਧਰੇ, ਇਹ ਖ਼ੂਨ ਵਹਾਉਂਦੀ ਭਾਈਆਂ ਦਾ,
ਫਿਰ ਤਾਂ ਬਸ ਜ਼ਹਿਰ ਵਿਖਾਲੀ ਹੀ, ਅਖ਼ਬਾਰ ਦਿਖਾਈ ਦਿੰਦੀ ਹੈ।

ਖ਼ਬਰੇ ਕਿੰਨੀਆਂ ਤੱਤੀਆਂ-ਠੰਡੀਆਂ, ਉਹ ਦਿਲ ’ਚ ਸਮੋਈ ਬੈਠਾ ਏ,
ਮੈਨੂੰ ਤਾਂ ਉਸਦੀ ਜ਼ਿੰਦਗੀ ਵੀ, ਅਖ਼ਬਾਰ ਦਿਖਾਈ ਦਿੰਦੀ ਹੈ।

ਸੋਚਾਂ ਦੇ ਡੂੰਘੇ ਸਾਗਰ ਵਿਚ, ਉਹ ਡੁਬਿਆ ਰਹਿੰਦੈ ਓਦਣ ਹੀ,
ਜਿੱਦਣ ਵੀ ਉਹਦੇ ਹੱਥਾਂ ਵਿਚ, ਅਖ਼ਬਾਰ ਦਿਖਾਈ ਦਿੰਦੀ ਹੈ।

ਲਗਦੈ ਅਜ ਫਿਰ ਉਸਦੀ ਕਵਿਤਾ, ਇਸ ਵਿਚ ਹੈ ਜ਼ਰੂਰ ਛਪੀ ਹੋਊ,
‘ਦਾਦਰ’ ਦੇ ਹੱਥ ’ਚ ਸੁਬਹਾ ਦੀ, ਅਖ਼ਬਾਰ ਦਿਖਾਈ ਦਿੰਦੀ ਹੈ।

•